**Shikshan Sanshodhan : Journal of Arts, Humanities and Social Sciences** ISSN(o): 2581-6241
Monthly, Peer-Reviewed, Refereed, Indexed Journal Impact Factor: 7.384
Volume - 8, Issue - 3, March - 2025

DOIs:10.2018/SS/202503016 --:-- Research Paper / Article / Review

# ਰਿਸਦੇ ਜ਼ਖਮਾਂ ਦੀ ਕਹਾਣੀ : ਦਲਿਤ ਅਵਚੇਤਨ ਦੀ ਉਸਾਰੀ ਤੇ ਨਾਬਰੀ

**ਡਾ. ਗੁਰਭੇਜ ਸਿੰਘ**
**ਪੰਜਾਬੀ ਮਾਸਟਰ**
**ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੰਦਬਾਜਾ ਫਰੀਦਕੋਟ 3**
**Email - gurshergill84@gmail.com**

' ਅਵਚੇਤਨ ' ਮਨੁੱਖੀ ਮਨ ਦਾ ਉਹ ਹਿੱਸਾ ਹੈ ਜਿਸ ਦੀ ਤਲਾਸ਼ ਕਰਨਾ ਮਨੁੱਖੀ ਮਨ ਦੀਆਂ ਡੂੰਘਾਵਾਂ ਵਿੱਚ ਉਤਰਨਾ ਹੈ। ਮਨੁੱਖੀ ਮਨ ਦੇ ਇਸ ਭਾਗ ਵਿੱਚ ਅਪੂਰਨ ਭਾਵ, ਵਿਚਾਰ ਇੱਛਾਵਾਂ, ਸਿਮਰਤੀਆਂ ਅਤੇ ਰੁਚੀਆਂ ਆਦਿ ਮੌਜੂਦ ਰਹਿੰਦੀਆਂ ਹਨ ਜੋ ਵਿਰੋਧੀ ਸਥਿਤੀਆਂ ਨਾਲ ਟਕਰਾਉਂਦਿਆਂ ਕਈ ਵਾਰ ਘਾਤਕ ਰੂਪ ਵੀ ਗ੍ਰਹਿਣ ਕਰ ਲੈਂਦੀਆਂ ਹਨ। ਫਰਾਇਡ ਇਸ ਸੰਬੰਧੀ ਲਿਖਦਾ ਹੈ, "ਮਾਨਸਿਕ ਕਿਰਿਆਵਾਂ ਵੱਡੇ ਪੈਮਾਨੇ 'ਤੇ ਅਵਚੇਤਨ ਹਨ, ਚੇਤਨਾ ਨਾਲ ਸੰਬੰਧਿਤ ਮਨ ਬਰਫ਼ ਦੇ ਵੱਡੇ ਟੁੱਕੜੇ ਦਾ ਉਪਰਲਾ ਛੋਟਾ ਜਿਹਾ ਭਾਗ ਹੈ, ਅਵਚੇਤਨ ਵਿਸ਼ਾਲ ਸਾਗਰ ਵਿੱਚ ਆਤਮ ਚੇਤਨ ਦਾ ਛੋਟਾ ਜਿਹਾ ਟਾਪੂ ਹੈ।"[1] ਇਸ ਲਈ ਫਰਾਇਡ ਮਨੁੱਖ ਨੂੰ ਮਾਨਸਿਕ ਰੋਗੀ ਕਹਿ ਕੇ ਮਨੁੱਖ ਦੀਆਂ ਸਰੀਰਿਕ ਅਤੇ ਮਾਨਸਿਕ ਬਿਮਾਰੀਆਂ ਦਾ ਹੱਲ ਅਵਚੇਤਨ ਵਿੱਚੋਂ ਤਰਾਸ਼ਦਾ ਹੈ। ਫਰਾਇਡ ਮੰਨਦਾ ਹੈ ਹਰ ਵਸਤੂ ਜਿਹੜੀ ਦਮਿਤ ਹੈ ਉਹ ਅਵਚੇਤਨ ਵਿੱਚ ਰਹਿੰਦੀ ਹੈ। ਐਲਫ਼ਰਡ ਐਂਡਲਰ ਅਵਚੇਤਨ ਨੂੰ ਹੀਣ-ਗ੍ਰੰਥੀ (Inferiority Complex) ਨਾਲ ਜੋੜਦਾ ਹੋਇਆ ਕਹਿੰਦਾ ਹੈ," ਵਿਅਕਤਿਤਵ ਵਿੱਚ ਹੀਣ-ਭਾਵ ਆਪਣੀ ਪੂਰਤੀ ਲਈ ਚੇਤਨ, ਅਵਚੇਤਨ , ਸਰੀਰਕ ,ਮਾਨਸਿਕ ਅਤੇ ਸਮਾਜਿਕ ਆਧਾਰ ਉਤੇ ਵਸ਼ੀਕਰਣ ਕਰਨ ਲਈ ਸੰਘਰਸ਼ ਕਰਦਾ ਹੈ।"[2] ਕਾਰਲ ਗੁਸਤਾਵ ਜੁੰਗ ਅਵਚੇਤਨ ਨੂੰ ਵਿਅਕਤੀਗਤ ਅਵਚੇਤਨ ਅਤੇ ਸਮੂਹਿਕ ਅਵਚੇਤਨ ਵਿੱਚ ਵੰਡ ਕੇ ਵਿਸ਼ਲੇਸ਼ਤ ਕਰਦਾ ਹੈ। ਵਿਅਕਤੀਗਤ ਅਵਚੇਤਨ ਨੂੰ ਪੇਸ਼ ਕਰਦਿਆਂ ਉਸ ਨੇ ਮਨੁੱਖੀ ਵਿਅਕਤਿਤਵ ਨੂੰ ਬਾਹਰਮੁੱਖੀ, ਅੰਤਰਮੁਖੀ ਅਤੇ ਉਭਯਮੁਖੀ (ਬਾਹਰਮੁਖੀ ਅਤੇ ਅੰਤਰਮੁਖੀ ਦੇ ਸਾਂਝੇ ਗੁਣ) ਵਿੱਚ ਵੰਡਿਆ ਹੈ। ਅਤੇ ਸਮੂਹਿਕ ਅਵਚੇਤਨ ਨੂੰ ਜਾਤੀਗਤ ਗੁਣਾਂ ਦਾ ਭਾਗ ਕਿਹਾ ਹੈ। ਉਹ ਸਮੂਹਿਕ ਅਵਚੇਤਨ ਨੂੰ ਵਿਸ਼ੇਸ਼ ਮੰਨਦਾ ਹੋਇਆ ਸਪੱਸ਼ਟ ਕਰਦਾ ਹੈ," ਮਾਨਵ ਵਿਸ਼ਵਾਸ , ਸੁਪਨ-ਸਮੱਗਰੀ ਤੇ ਮਨੋਰੋਗ ਚਿਹਨ ਸਮੂਹਿਕ ਅਵਚੇਤਨ ਵਿਚ ਪਏ ਪ੍ਰਾਚੀਨ ਸੰਸਕਾਰਾਂ ,ਆਦਿਕਾਲੀ ਵਿਸ਼ਵਾਸਾਂ ਤੇ ਇਹੋ ਜਿਹੇ ਦੂਸਰੇ ਸਮੂਹਿਕ ਤੱਤਾਂ ਉਪਰ ਹੀ ਉਸਰਦੇ ਹਨ ਜਿਨ੍ਹਾਂ ਵਿੱਚ ਧਰਮ, ਰਾਸ਼ਟਰ, ਰਸਮਾਂ ,ਰਹੁਰੀਤਾਂ, ਕਰਮ-ਕਾਂਡ,ਕਲਾਤਮਿਕ ਪ੍ਰਤੀਕ ਆਦਿ ਸਭ ਸ਼ਾਮਿਲ ਹੁੰਦੇ ਹਨ।"[3] ਇਸ ਤੋਂ ਅਗਾਂਹ ਜੈਕਸ ਲਾਕਾਂ ਆਪਣੀ ਪੁਸਤਕ 'Ecrits: A Selection' ਵਿਚ ਕਹਿੰਦਾ ਹੈ,"ਅਵਚੇਤਨ ਭਾਸ਼ਾ ਦੀ ਸਮੁੱਚੀ ਬਣਤਰ ਹੈ।"[4] ਉਹ ਫਰਾਇਡ ਦੇ ਵਿਚਾਰਾਂ ਨੂੰ ਸੰਚਾਰਿਤ ਕਰਦਾ ਅਵਚੇਤਨ ਨੂੰ ਭਾਸ਼ਾ ਨਾਲ ਜੋੜਦਾ ਹੈ,"ਫਰਾਇਡ ਦੀ ਮੂਲ ਅੰਤਰ ਦ੍ਰਿਸ਼ਟੀ ਇਹ ਨਹੀਂ ਸੀ ਕਿ ਅਵਚੇਤਨ ਹੋਂਦ ਰੱਖਦਾ ਹੈ, ਬਲਕਿ ਇਹ ਸੀ ਕਿ ਅਵਚੇਤਨ ਸੰਰਚਨਾ ਰੱਖਦਾ ਹੈ ਅਤੇ ਇਹ ਸੰਚਨਾ ਸਾਡੇ ਕਾਰਜਾਂ ਅਤੇ ਬਿਰਤੀਆਂ ਨੂੰ ਇਸ ਹੱਦ ਅਤੇ ਢੰਗ ਨਾਲ ਪ੍ਰਭਾਵਿਤ ਕਰਦੀ ਹੈ ਕਿ ਉਸਦਾ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ।"[5] ਇਸ ਵਿਸ਼ੇ ਸੰਬੰਧੀ ਉਸਦਾ ਪ੍ਰਸਿੱਧ ਲੇਖ' The Subversion of the subject and dialects of desine in the Freudian unconsciousness' ਨੂੰ ਵਿਚਾਰਿਆ ਜਾ ਸਕਦਾ ਹੈ। ਇਨ੍ਹਾਂ ਅੰਤਰ –ਦ੍ਰਿਸ਼ਟੀਆਂ ਦੇ ਸੰਦਰਭ 'ਚ ਕਿਹਾ ਜਾ ਸਕਦਾ ਹੈ ਕਿ ਅਵਚੇਤਨ ਦੀ ਹੋਂਦ ਅਤੇ ਸਾਰਥਕਤਾ ਚੇਤਨ ਮਨ ਨਾਲੋਂ ਜ਼ਿਆਦਾ ਅਤੇ ਮਹੱਤਵਪੂਰਨ ਹੈ। ਇਸੇ ਲਈ ਜਦੋਂ ਅਵਚੇਤਨ ਨੂੰ ਵਿਧੀ ਵਜੋਂ ਸਾਹਿਤਕ ਖਤੇਰ ਨਾਲ ਜੋੜਿਆ ਜਾਂਦਾ ਹੈ ਤਾਂ ਨਵੀਨ ਵਿਚਾਰ ਸਾਹਮਣੇ ਆਉਂਦੇ ਹਨ। ਮਨੁੱਖੀ ਅਵਚੇਤਨ ਆਪਣੇ ਵੇਲੇ ਦੇ ਸਭਿਆਚਾਰ ,ਵਿਚਾਰਧਾਰ, ਮਨੋਵਿਗਿਆਨ, ਦਰਸ਼ਨ,ਭਾਸ਼ਾ ਅਤੇ ਰਾਜਨੀਤੀ ਆਦਿ ਨਾਲ ਡੂੰਘਾ ਜੁੜਿਆ ਹੁੰਦਾ ਹੈ। ਬਾਹਰੀ

ਸੰਸਾਰ ਦੁਆਰਾ ਪਏ ਪ੍ਰਭਾਵ ਗਿਆਨ ਅਤੇ ਅਨੁਭਵ ਦੇ ਰੂਪ 'ਚ ਮਨੁੱਖੀ ਅਵਚੇਤਨ 'ਚ ਸਾਂਭੇ ਜਾਂਦੇ ਹਨ। ਇਸ ਲਈ ਸਾਹਿਤਕਾਰ/ਰਚਨਾਕਾਰ ਦੇ ਸੂਖਮ ਚਿਤ-ਬਿਰਤੀ ਵਾਲਾ ਮਨੁੱਖ ਹੋਣ ਕਰਕੇ ਇਹ ਪ੍ਰਭਾਵ ਅਚੇਤ ਰੂਪ 'ਚ ਹੀ ਸਾਹਿਤਕ-ਪਾਠ ਵਿਚ ਪ੍ਰਵੇਸ਼ ਕਰ ਜਾਂਦੇ ਹਨ।

ਉਪਰੋਕਤ ਵਿਚਾਰਾਂ ਦੀ ਰੌਸ਼ਨੀ ਵਿਚ ਜਦੋਂ ਮਨੁੱਖੀ ਵਿਕਾਸ ਪਾੜਾਵਾਂ ਵਿੱਚੋਂ ਗੁਜ਼ਰਿਆ ਜਾਂਦਾ ਹੈ ਤਾਂ 'ਅਵਚੇਤਨ ' ਦੇ ਵਿਸ਼ਾਲ ਅਰਥ ਸਮਝ ਆਉਂਦੇ ਹਨ ਜਿਵੇਂ ਕਿ ਮਨੋਵਿਗਿਆਨ ਵਿਚ ਮਨੁੱਖੀ ਅਵਚੇਤਨ ਨੂੰ ਵਿਸ਼ਲੇਸ਼ਤ ਕਰਦਿਆਂ ਦੱਸਿਆ ਗਿਆ ਹੈ ਕਿ ਮਨੁੱਖ ਆਪਣੀਆਂ ਸਭ ਜਾਇਜ਼-ਨਾਜਾਇਜ਼ ਇੱਛਾਵਾਂ ਦੀ ਤ੍ਰਿਪਤੀ ਚਾਹੁੰਦਾ ਹੈ । ਸਵੈ ਨੂੰ ਸਥਾਪਿਤ ਕਰਨਾ ਚਾਹੁੰਦਾ ਹੈ। ਹਰੇਕ ਦੂਜੇ ਮਨੁੱਖ ਤੋਂ ਜ਼ਿਆਦਾ ਆਤਮ-ਨਿਰਭਰ ਅਤੇ ਸਰਬ-ਸ਼ਕਤੀਮਾਨ ਹੋਣਾ ਲੋਚਦਾ ਹੈ। ਇਸੇ ਲਈ ਮਨੁੱਖ ਮੁੱਢਲੇ ਪੜਾਅ ਤੋਂ ਹੀ ਆਪਣੀਆਂ ਸਿਰਜਣਾਤਮਕ ਸ਼ਕਤੀਆਂ ਰਾਹੀਂ ਪ੍ਰਕ੍ਰਿਤੀ ਨੂੰ ਆਪਣੇ ਅਨੁਸਾਰ ਘੜਦਾ ਅਤੇ ਢਾਲਦਾ ਆਇਆ ਹੈ। ਵਿਕਾਸ ਦੇ ਮੁੱਢਲੇ ਪੜਾਅ ਅੰਦਰ ਪਸ਼ੂ ਪਾਲਣ,ਖੇਤੀ ਅਤੇ ਘਰੇਲੂ ਦਸਤਕਾਰੀਆਂ ਵਿੱਚ ਉਤਪਾਦਨ ਦੇ ਵਾਧੇ ਨੇ ਮਨੁੱਖੀ ਕਿਰਤ ਸ਼ਕਤੀ ਨੂੰ ਜੀਵਨ ਨਿਰਬਾਹ ਦੀ ਲੋੜ ਤੋਂ ਵੱਧ ਉਪਜ ਕਰਨ ਦੇ ਯੋਗ ਬਣਾਇਆ। ਹੌਲੀ-ਹੌਲੀ ਵਿਕਾਸ ਦੇ ਇਸ ਅਮਲ ਨੇ ਪਦਾਰਥ ਦੀ ਬਹੁਤਾਤ ਵਿਚ ਏਨਾ ਵਾਧਾ ਕੀਤਾ ਕਿ ਮਨੁੱਖ ਅੰਦਰ ਨਿੱਜੀ ਮਲਕੀਅਤ ਦਾ ਸੰਕਲਪ ਉਭਰ ਆਇਆ । ਇਸੇ ਸੰਕਲਪ ਨੇ ਟੱਬਰ ਅਤੇ ਕਬੀਲੇ ਦੇ ਹਰੇਕ ਜੀਅ ਦੇ ਹਿੱਸੇ ਆਉਣ ਵਾਲੀ ਕੰਮ ਦੀ ਮਾਤਰਾ ਵਿੱਚ ਵਾਧਾ ਕੀਤਾ। ਇਸੇ ਪ੍ਰਵਿਰਤੀ ਨੇ ਗੁਲਾਮ ਪੈਦਾ ਕੀਤੇ ਜਿਸ ਕਾਰਨ ਸਮਾਜ ਦੋ ਵੱਡੇ ਵਰਗਾਂ ਮਾਲਕ ਅਤੇ ਗੁਲਾਮ ਜਾਂ ਸਾਸ਼ਕ ਅਤੇ ਸ਼ੋਸ਼ਿਤ ਵਿੱਚ ਵੰਡਿਆ ਗਿਆ। ਮਨੁੱਖੀ ਅਵਚੇਤਨ ਵਿਚ ਨਿੱਜੀ ਮਲਕੀਅਤ ਦੀ ਲਾਲਸਾ ਨੇ ਅਜਿਹਾ ਘਰ ਕੀਤਾ ਕਿ ਸਾਸ਼ਕ ਵਰਗ ਨੇ ਸੁਚੇਤ ਅਤੇ ਅਚੇਤ ਤੌਰ ਤੇ ,ਉਨ੍ਹਾਂ ਸਾਰੀਆਂ ਰੀਤੀਆਂ –ਪ੍ਰੰਪਰਾਵਾਂ, ਰਿਵਾਜਾਂ, ਮਿੱਥਕ ਕਹਾਣੀਆਂ, ਕਾਨੂੰਨਾਂ ਅਤੇ ਸੰਸਥਵਾਂ ਦਾ ਨਿਰਮਾਣ ਕੀਤਾ ਜੋ ਉਸਦੀ ਸੱਤਾ ਨੂੰ ਬਣਾਈ ਰੱਖਣ ਵਿੱਚ ਸਹਾਇਤਾ ਕਰਨ। ਇਸ ਲਈ ਸੱਤਾ ਮਨੁੱਖੀ ਅਵਚੇਤਨ ਦਾ ਜ਼ਰੂਰੀ ਹਿੱਸਾ ਬਣ ਗਈ। ਇਸੇ ਸੱਤਾਧਾਰੀ ਅਵਚੇਤਨ ਨੇ ਸਮਾਜ ਨੂੰ ਵੰਡਣ ਵਾਲੇ ਪ੍ਰਾਕਿਰਤਕ ਵਖਰੇਵਿਆਂ ਨੂੰ ਸਮਾਜਿਕ ਅਸਮਾਨਤਾਵਾਂ ਦੇ ਰੂਪ ਵਿੱਚ ਬਦਲ ਦਿੱਤਾ । ਇਸ ਲਈ ਜੋ ਚੀਜ਼ ਪ੍ਰਕਿਰਤਕ ਤੌਰ 'ਤੇ ਸਿਰਫ ਵਖਰੇਂਵਾ ਸੀ ਸੱਤਾ ਨੇ ਉਸ ਨੂੰ ਸਮਾਜਿਕ ਅਸਮਾਨਤਾਵਾਂ ਦੇ ਰੂਪ ਵਿੱਚ ਪੱਕਾ ਕਰਨ ਦਾ ਕਰਾਜ ਕੀਤਾ। ਜਿਵੇਂ ਔਰਤ ਅਤੇ ਮਰਦ ਦਾ ਵਖਰੇਂਵਾ, ਨਸਲ ਅਤੇ ਰੋਗ ਦਾ ਵਖਰੇਂਵਾ ਆਦਿ। ਹੌਲੀ-ਹੌਲੀ ਇੰਨਾ ਵਖਰੇਂਵਿਆਂ ਨੂੰ ਮਨੁੱਖੀ ਸਮਾਜ ਨੇ ਅਚੇਤ ਰੂਪ ਵਿੱਚ ਆਪਣੀ ਜੀਵਨ-ਸ਼ੈਲੀ ਦਾ ਅਟੁੱਟ ਅੰਗ ਬਣਾ ਲਿਆ। ਸਮਾਂ ਬਤੀਤ ਹੋਣ 'ਤੇ ਸਾਸ਼ਕ ਵਰਗ ਨੇ ਸੱਤਾ ਬਣਾਈ ਰੱਖਣ ਲਈ ਅਤੇ ਉਪਰੋਕਤ ਵਖਰੇਂਵਿਆਂ ਨੂੰ ਪੱਕੇ ਰੂਪ ਵਿੱਚ ਸਥਾਪਿਤ ਕਰਨ ਲਈ ਧਰਮ ਦੀ ਟੇਕ ਲਈ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਧਰਮ ਦੀ ਉਤਪੱਤੀ ਮਨੁੱਖੀ ਮਨ ਦੇ ਡਰ ਕਾਰਨ ਹੋਈ। ਕੁਦਰਤੀ ਕਰੋਪੀਆਂ ਤੋਂ ਬਚਣ ਲਈ ਆਦਿ-ਮਨੁੱਖ ਨੇ ਆਪਣੀ ਅਸੁੱਰਖਿਆ ਦੇ ਡਰ ਵਜੋਂ ਪ੍ਰਕਿਰਤਕ ਸ਼ਕਤੀਆਂ ਨੂੰ ਦੇਵ ਅਤੇ ਦਾਨਵ ਦੇ ਰੂਪਾਂ ਵਿੱਚ ਸਿਰਜ ਕੇ ਉਨ੍ਹਾਂ ਦੀ ਪੂਜਾ-ਅਰਚਨਾ ਸ਼ੁਰੂ ਕੀਤੀ। ਇਹ ਚੇਤਨਾ ਅਗਾਂਹ ਇਕ ਪ੍ਰਮਾਤਮਾ ਦੀ ਧਾਰਨਾ ਵਿੱਚ ਰੂਪਾਂਤਿਤ ਹੋ ਕਿ ਧਰਮ-ਚੇਤਨਾ ਬਣ ਗਈ। ਜੇਕਰ ਭਾਰਤੀ ਸਮਾਜ ਦੇ ਸੰਦਰਭ ਵਿੱਚ ਗੱਲ ਕੀਤੀ ਜਾਵੇ ਤਾਂ ਇੱਥੇ ਯਥਾਰਥ ਅਤੇ ਪਰਮਾਰਥ ਦੋਨੋਂ ਪ੍ਰਚੱਲਤ ਹਨ, ਪਰੰਤੂ ਪਰਸਾਰਥ ਧਰਮ ਨਾਲ ਜੁੜਿਆ ਪਹਿਲੂ ਹੈ, ਇਸ ਲਈ ਮਨੁੱਖੀ ਅਵਚੇਤਨ 'ਤੇ ਡੂੰਘਾ ਅਸਰ ਰੱਖਦਾ ਹੈ। ਇਸ ਅਸਰ ਨੂੰ ਕਾਇਮ ਰੱਖਣ ਲਈ ਸਾਸ਼ਕ ਵਰਗ ਨੇ ਬਹੁਤ ਸਾਰੀਆਂ ਮਿੱਥਾਂ ਸਿਰਜੀਆਂ । ਇਨ੍ਹਾਂ ਮਿੱਥਾਂ ਵਿੱਚ ਇਕ ਨਾਇਕ ਅਤੇ ਦੂਜਾ ਖਲਨਾਇਕ ਪਾਤਰ ਪੇਸ਼ ਹੁੰਦਾ ਹੈ। ਇਹ ਵਰਗੀਕਰਨ ਅਚੇਤ ਰੂਪ ਵਿਚ ਜਮਾਤੀ ਸੰਕਲਪ ਨਾਲ ਜੁੜਿਆ ਹੋਇਆ ਹੈ। ਇਹ ਮਿੱਥਾਂ ਅਕਸਰ ਸਾਸ਼ਕ ਵਰਗ ਦੇ ਹੱਕ ਵਿੱਚ ਭੁਗਤੀਆਂ ਹਨ। ਇਨ੍ਹਾਂ ਮਿੱਥਾਂ ਦਾ ਸਹਾਰਾ ਲੈ ਕੇ ਸਾਸ਼ਕ ਵਰਗ ਵੱਲੋਂ ਆਮ ਲੋਕਾਂ ਉੱਤੇ ਵਿਵਹਾਰ ਦੇ ਅਣ-ਉਚਿਤ, ਅਣ-ਮਨੁੱਖੀ, ਗ਼ੈਰ-ਬਰਾਬਰ, ਦਮਿਤ ਪੈਟਰਨ, ਕੀਮਤਾਂ ਤੇ ਪ੍ਰਤੀਮਾਨ ਲਾਗੂ ਕੀਤੇ ਅਤੇ ਕਰਵਾਏ ਜਾਂਦੇ ਹਨ ਤਾਂ ਕਿ ਉਹ ਆਗਿਆਕਾਰੀ, ਡਰਪੋਕ, ਕਾਇਰ ਅਤੇ ਪਿਛਲੱਗ ਬਣਕੇ ਰਹਿਣ। ਐਨਤੋਨਓ ਗ੍ਰਾਮਸ਼ੀ ਇਸ ਵਰਤਾਰੇ ਨੂੰ 'ਵਿਚਾਰਧਾਰਕ ਦਾਬਾ'" ਕਹਿੰਦਾ ਹੈ। ਉਸ ਅਨੁਸਾਰ,"ਸਾਮਰਾਜਵਾਦ ਲੋਕਤੰਗੀ ਦੌਰ ਵਿੱਚ ਹਾਕਮ ਜਮਾਤਾਂ ਦੀ ਰਾਜਸੱਤਾ ਦਾ ਮੁੱਖ ਆਧਾਰ ਪਦਾਰਥਕ ਸਾਧਨਾਂ ' ਤੇ ਉਨ੍ਹਾਂ ਦੀ ਮਲਕੀਅਤ ਹੀ ਨਹੀਂ ਹੁੰਦਾ ਬਲਕਿ

ਸਮਾਜਿਕ ਚੇਤਨਾ ਦੇ ਖੇਤਰ ਵਿੱਚ ਸਥਾਪਤ ਹਾਕਮ ਜਮਾਤਾਂ ਦਾ ਵਿਚਾਰਧਾਰਕ ਦਾਬਾ ਵੀ ਹੁੰਦਾ ਹੈ। ਹਾਕਮ ਜਾਮਤਾਂ ਇਸ ਰਾਹੀਂ ਹੀ ਰਾਜਸੱਤਾ ਨੂੰ ਲੋਕਾਂ ਦੀ ਮਾਨਸਿਕਤਾ ਵਿੱਚ ਡੂੰਘਾ ਉਤਾਰ ਕੇ ਇਸ ਨੂੰ ਇਤਿਹਾਸਕ ਪੈਦਾਵਰ ਦੀ ਬਜਾਏ ਸਦੀਵੀ ਤੇ ਕੁਦਰਤੀ ਰੂਪ ਵਿਚ ਪੇਸ਼ ਕਰਦੀਆਂ ਹਨ।"[6] ਸਾਸ਼ਕ ਵਰਗ ਆਪਣੇ ਵਿਚਾਰਧਾਰਕ ਦਾਬੇ ਨੂੰ ਬਣਾਈ ਰੱਖਣ ਲਈ ਕੁਝ ਸੰਸਥਾਵਾਂ, ਸਿਧਾਂਤਾਂ ਅਤੇ ਨਿਯਮਾਂ ਨੂੰ ਘੜਦੀ ਹੈ ਜਿਨ੍ਹਾਂ ਵਿੱਚ ਸਿੱਖਿਆ , ਪਰਿਵਾਰ, ਨਿਆਂ ਪ੍ਰਬੰਧ, ਟਰੇਡ ਯੂਨੀਅਨਾਂ, ਸੰਚਾਰ ,ਰਾਜਨੀਤੀ, ਸਭਿਆਚਾਰ ਅਤੇ ਧਰਮ ਆਦਿ ਪ੍ਰਮੁੱਖ ਹਨ। ਲਿਊ ਅਲਥਿਊਸਰ ਇਨ੍ਹਾਂ ਨੂੰ 'ਵਿਚਾਰਧਾਰਕ ਉਪਕਰਨ 'ਕਹਿੰਦਾ ਹੈ।[7] ਇਸ ਤਰ੍ਹਾਂ ਸਾਸ਼ਕ ਧਿਰ ਉਹ ਹੈ ਜੋ ਸਭ ਤੋਂ ਬਲਵਾਨ, ਆਰਥਿਕ ਤੌਰ 'ਤੇ ਭਾਰੂ ਸ੍ਰੇਣੀ ਹੁੰਦੀ ਹੈ ਅਤੇ ਰਾਜ ਦੇ ਸਾਧਨਾਂ ਰਾਹੀਂ ਸੋਸ਼ਿਤ ਸ੍ਰੇਣੀ ਨੂੰ ਦਬਾਈ ਰੱਖਣ ਅਤੇ ਉਸ ਦੀ ਲੁੱਟ-ਖੋਹ ਕਰਨ ਦੇ ਨਵੇਂ ਸਾਧਨ ਪ੍ਰਾਪਤ ਕਰ ਲੈਂਦੀ ਹੈ । ਫਰੈਂਡਰਿਕ ਜੇਮਸਨ ਇਸ ਸਾਰੇ ਪ੍ਰਪੰਚ ਨੂੰ ਅਵਚੇਤਨ ਨਾਲ ਜੋੜਦਾ ਹੋਇਆ ਰਾਜਸੀ ਅਰਥ ਪ੍ਰਦਾਨ ਕਰਦਾ ਹੈ। ਉਸ ਅਨੁਸਾਰ,""ਰਾਜਸੀ ਅਵਚੇਤਨ ਰਾਜਨੀਤਕ ਇਨ੍ਹਾਂ ਅਰਥਾਂ ਵਿੱਚ ਹੈ ਕਿ ਇਹ ਵਰਗਾਂ ਵਿੱਚ ਵੰਡੇ ਸਮਾਜ ਦੇ ਇਤਿਹਾਸ ਤੇ ਸੱਤਾ ਸੰਘਰਸ਼ ਦਾ ਲਖਾਇਕ ਹੈ।"[8] ਭਾਰਤੀ ਚਿੰਤਨ ਪਰੰਪਰਾ ਵਿਚ ਵਰਗਾਂ ਦੀ ਵੰਡ ਨੂੰ ਪੱਕੇ ਪੈਰੀਂ ਕਰਨ ਦਾ ਕਾਰਜ ਬ੍ਰਾਹਮਣਵਾਦੀ ਚਿੰਤਨ ਨੇ ਕੀਤਾ। ਇਸ ਚਿੰਤਨ ਪਰੰਪਰਾ ਨੇ ਬ੍ਰਹਮ ਦਾ ਸੰਕਲਪ ਸਥਾਪਿਤ ਕਰਕੇ ਮਨੁੱਖ ਨੂੰ ਆਤਮਾ ਦੇ ਰੂਪ ਵਿੱਚ ਸਾਕਾਰ ਕੀਤਾ। ਇਸ ਚਿੰਤਨ ਨੇ ਅਜਿਹਾ ਕਰਕੇ ਬ੍ਰਹਿਮੰਡ ਦਾ ਆਧਾਰ ਅਧਿਆਤਮਕ ਬਣਾ ਦਿੱਤਾ । ਧਰਮ ਅਤੇ ਸੱਤਾ ਦੇ ਇਸ ਗੱਠਜੋੜ ਨੇ ਭਾਰਤੀ ਸਮਾਜ ਵਿੱਚ ਵਰਗਾ ਦੇ ਨਾਲ-ਨਾਲ ਵਰਣ ਅਤੇ ਜਾਤੀ ਵਿਵਸਥਾ ਨੂੰ ਵੀ ਸੁਚੇਤ ਰੂਪ ਵਿੱਚ ਪੱਕਿਆ ਕੀਤਾ । ਬ੍ਰਾਹਮਣਵਾਦੀ ਨੇ ਰਾਜ ਸ਼ਕਤੀ ਪ੍ਰਾਪਤ ਕਰਨ ਹਿੱਤ ਸਾਹਿਤ ਨੂੰ ਸਾਧਨ ਵਜੋਂ ਵਰਤਿਆ । ਇਸੇ ਲਈ ਜਮਾਤ/ਜਾਤ ਆਦਿ ਵਖਰੇਂਵੇ ਮੁੱਢਲੇ ਵੈਦਿਕ ਸਾਹਿਤ ਵਿਚ ਹੀ ਪ੍ਰਵੇਸ਼ ਕਰ ਜਾਂਦੇ ਹਨ। ਰਿਗਵੇਦ ਵਿਚ ਸਮਾਜ ਦੇ ਭਿੰਨ-ਭਿੰਨ ਵਰਣਾਂ ਦਾ ਜ਼ਿਕਰ ਆਉਂਦਾ ਹੈ ਜਿਨ੍ਹਾਂ ਨੂੰ ਬ੍ਰਹਮਾ, ਕਸ਼ੱਤਰੀ ਅਤੇ ਵੈਸ਼ ਦੱਸਿਆ ਗਿਆ। ਇਸੇ ਗ੍ਰੰਥ ਦੇ ਇਕ ਸ਼ਲੋਕ ਪਰੁਸ਼ਾਸੂਕਤਾ ਵਿੱਚ ਚਾਰ ਵਰਣਾਂ ਦਾ ਜ਼ਿਕਰ ਮਿਲਦਾ ਹੈ, ਬ੍ਰਾਹਮਣ, ਰਾਜਨਯ(ਕਸ਼ੱਤਰੀ), ਵੈਸ਼ ਅਤੇ ਸ਼ੂਦਰ। "ਬ੍ਰਾਹਮਣਾਂ ਨੂੰ ਮੁਖੀ ਕਿਹਾ ਗਿਆ ਹੈ, ਕਿਉਂਕਿ ਉਹ ਮੂੰਹ ਵਿਚੋਂ ਪੈਦਾ ਹੋਏ ਸਨ ਅਤੇ ਸ਼ਬਦ 'ਮੁਖ ' ਦੇ ਦੋ ਅਰਥ (ਮੂੰਹ ਅਤੇ ਮੁਖੀ) ਹਨ। ਰਾਜਨਯ ਸ਼ਕਤੀਸਾਲੀ ਹਨ ਕਿਉਂਕਿ ਉਹ ਸ਼ਕਤੀ ਵਿੱਚੋਂ ਪੈਦਾ ਹੋਏ ਹਨ। ਵੈਸ਼ ਦਾ ਭਾਵ ਖਾਧੇ ਜਾਣ ਤੋਂ ਹੈ ਅਤੇ ਇਹ ਸ਼ਬਦ ਉਨ੍ਹਾਂ ਦੀ ਅਧਿਕ ਟੈਕਸਾਂ ਦੀ ਦੇਣਕਾਰੀ ਨੂੰ ਪ੍ਰਗਟ ਕਰਦਾ ਹੈ, ਕਿਉਂਕਿ ਉਹ ਭੋਜਨ ਦੇ ਆਧਾਰ ਪੇਟ ਵਿਚੋਂ ਪੈਦਾ ਹੋਏ ਸਨ। ਸ਼ੂਦਰ, ਪੈਰਾਂ ਵਿਚੋਂ ਪੈਦਾ ਹੋਣ ਕਰਕੇ , ਦੂਸਰੇ ਅੰਗਾਂ ਦਾ ਭਾਰ ਚੁੱਕਦਾ ਹੈ ਅਤੇ ਪੈਰਾਂ ਉਤੇ ਹੀ ਨਿਰਭਰ ਕਰਦਾ ਹੈ।"[9] ਸੁਚੇਤ ਰੂਪ ਵਿਚ ਘੜੇ ਇਨ੍ਹਾਂ ਵਿਚਾਰਾਂ ਨੂੰ ਦੈਂਵੀ/ਰੱਬੀ ਆਦੇਸ਼ ਕਹਿ ਕੇ ਲਾਗੂ ਕੀਤਾ ਗਿਆ। ਇਸ ਤੋਂ ਇਲਾਵਾ ਉਪਨਿਸ਼ਚ, ਰਮਾਇਣ, ਮਹਾਂਭਾਰਤ ਅਤੇ ਕੌਟੱਲਿਆ ਦੇ ਅਰਥ ਸ਼ਾਸਤਰ ਵਿੱਚ ਬ੍ਰਾਹਮਣਾ ਨੂੰ ਉੱਚ ਦਰਜਾ ਦਿੱਤਾ ਗਿਆ ਹੈ। ਬ੍ਰਾਹਮਣਵਾਦੀ ਸੋਚ ਦੀ ਕਠੋਰਤਾ ਅਤੇ ਕਕੂਰਤਾ 'ਮਨੂੰ ਸਿਮ੍ਰਤੀ' ਵਿਚ ਸਿਖਰਾਂ ਨੂੰ ਛੋਹ ਜਾਂਦੀ ਹੈ। ਇਸ ਗ੍ਰੰਥ ਨੂੰ 'ਧਰਮ ਸ਼ਾਸਤਰ ' ਵੀ ਕਿਹਾ ਗਿਆ ਹੈ। ਇਸ ਗ੍ਰੰਥ ਰਾਹੀਂ ਰਾਜਸੀ ਸੱਤਾ (ਕਸ਼ੱਤਰੀ) ਅਤੇ ਧਰਮ ਅਧਿਕਾਰੀ (ਬ੍ਰਾਹਮਣ) ਦੇ ਅਧਿਕਾਰਾਂ ਵਿੱਚ ਸਮਤੋਲ ਬਣਾਉਣ ਦੀਆਂ ਸੁਚੇਤ ਕੋਸ਼ਿਸ਼ਾ ਹਨ। ਮਨੂੰ ਸਿਮ੍ਰਤੀ ਦੇ ਪਹਿਲੇ ਅਧਿਆਇ ਵਿੱਚ ਵਰਣਾਂ (ਜਿਸਨੇ ਹੌਲੀ-ਹੌਲੀ ਵਿਗੜ ਕੇ ਜਾਤਾਂ ਦਾ ਰੂਪ ਧਾਰ ਲਿਆ) ਦਾ ਜ਼ਿਕਰ ਆਉਂਦਾ ਹੈ, "ਬ੍ਰਹਮਾ ਨੇ ਲੋਕਾਂ ਦੇ ਵਾਧੇ ਲਈ ਮੂੰਹ , ਬਾਹਾਂ , ਪੱਟਾਂ ਅਤੇ ਪੈਰਾਂ ਤੋਂ ਬ੍ਰਾਹਮਣ , ਵੈਸ਼ ਅਤੇ ਸ਼ੂਦਰ ਨੂੰ ਦਰਜੇਵਾਰ ਬਣਾਇਆ ਹੈ।"[10] ਇਸ ਤਰ੍ਹਾਂ ਸੱਤਵੇਂ ਅਧਿਆਇ ਵਿੱਚ ਰਾਜਾ ਨਾ ਹੋਣ ਕਰਕੇ ਇਸ ਜੱਗ ਵਿੱਚ ਸਾਰੇ ਡਰਦੇ ਤੇ ਵਿਆਕੁਲ ਹੁੰਦੇ ਹਨ। ਇਸ ਲਈ ਇਨ੍ਹਾਂ ਸਭ ਦੀ ਰੱਖਿਆ ਲਈ ਪ੍ਰਭੂ ਨੇ ਰਾਜਾ ਨੂੰ ਪੈਦਾ ਕੀਤਾ।"[11] ਦਾ ਵੇਰਵਾ ਪ੍ਰਾਪਤ ਹੁੰਦਾ ਹੈ। ਅਜਿਹੇ ਵਿਚਾਰਾਂ ਅਨੇਕਾਂ ਸਲੋਕ ਰਾਹੀਂ ਪੇਸ਼ ਕੀਤੇ ਗਏ। ਬ੍ਰਹਮਣ , ਕੱਸ਼ਤਰੀ ਅਤੇ ਵੈਸ਼ ਨੂੰ ਛੱਡ ਕੇ ਸ਼ੂਦਰ ਸੰਬੰਧੀ ਜੋ ਵੇਰਵੇ ਪ੍ਰਾਪਤ ਹੁੰਦੇ ਹਨ ਉਹ ਗ਼ੈਰ ਕਾਨੂੰਨੀ ਮਨੁੱਖੀ, ਅਨਿਆਂਪੂਰਨ ਅਤੇ ਮਾਨਵਤਾ ਨੂੰ ਸ਼ਰਮਸ਼ਾਰ ਕਰਨ ਵਾਲੇ ਹਨ ਜਿਵੇਂ ," ਬ੍ਰਾਹਮਣ ਦਾ ਨਾਮਕਰਣ ਮੰਗਲਯੁਗਤ, ਕਸ਼ੱਤਰੀ ਦਾ ਬਲਯੁਕਤ ਤੇ ਵੈਸ਼ ਦਾ ਧੰਨ ਯੁਗਤ ਅਤੇ ਸ਼ੂਦਰ ਦਾ ਨਿੰਦਾਯੁਗਤ ਹੋਣਾ ਚਾਹੀਦਾ ਹੈ।"[12] "ਸ਼ੂਦਰ ਨੂੰ ਜੂਠਾ ਅੰਨ,ਪੁਰਾਣਾ ਕੱਪੜਾ, ਸੜਿਆ ਧਾਨ ਅਤੇ ਘਰ ਦੀ ਮਾੜੀ ਤੋਂ ਮਾੜੀ ਚੀਜ਼ ਦੇ ਦੇਣੀ ਚਾਹੀਦੀ ਹੈ।"[13] " ਜੇਕਰ ਸ਼ੂਦਰ ਹੰਕਾਰ ਨਾਲ ਦਵਿਜ ਜਾਤੀਆਂ (ਬ੍ਰਾਹਮਣ,ਕਸ਼ੱਤਰੀ, ਵੈਸ਼ਯ) ਨੂੰ ਧਰਮ ਦਾ ਉਪਦੇਸ਼ ਕਰੇ

ਤਾਂ ਰਾਜਾ ਉਸ ਦੇ ਮੂੰਹ ਅਤੇ ਕੰਨਾਂ ਵਿੱਚ ਤੱਤਾ ਤੇਲ ਪਾਵੇ।"[14] ਆਦਿ ਇਨ੍ਹਾਂ ਨਿਯਮਾਂ ਨੂੰ ਆਧਾਰ ਬਣਾ ਕੇ ਸਾਸ਼ਕ ਵਰਗ ਨੇ ਪ੍ਰਭੂਸੱਤਾ'ਤੇ ਕਬਜ਼ਾ ਕਰ ਲਿਆ ਅਤੇ ਸੋਸ਼ਿਤ ਧਿਰ ਨੂੰ ਮੁੱਖ ਧਾਰਾ ਵਿਚੋਂ ਹਟਾ ਕਿ ਹਾਸ਼ੀਏ 'ਤੇ ਧਕੇਲ ਦਿੱਤਾ। ਇਸ ਸੰਬੰਧੀ ਈ.ਵੀਂ ਐਮ, ਪੇਰੀਅਰ ਲਿਖਦਾ ਹੈ,"ਮਨੂੰ ਦਾ ਧਰਮ ਸ਼ਾਸਤਰ (ਸਿਮ੍ਰਤੀ) ਉਪਰਲੀ ਬ੍ਰਾਹਮਣ ਜਾਤ ਦਾ ਹਥਿਆਰ ਹੈ। ਇਸ ਦੇ ਦੋ ਮੁੱਖ ਮੰਤਵ ਹਨ। ਇਹ ਸ਼ਾਸ਼ਤਰ ਬ੍ਰਾਹਮਣਾਂ ਨੂੰ ਦੂਸਰਿਆਂ ਤੋਂ ਉਪਰ /ਸਿਖਰ ਤੇ ਦਰਸਾਉਂਦਾ ਹੈ ਅਤੇ ਉਨ੍ਹਾਂ ਨੂੰ ਬਿਨਾਂ ਹੱਥੀਂ ਕੰਮ ਕੀਤਿਆਂ ਖੁਸ਼ੀ (ਮੌਜ਼) ਦਾ ਜੀਵਨ ਜਿਊਣ ਦੇ ਯੋਗ ਬਣਾਉਂਦਾ ਹੈ। ਇਸ ਨੇ 'ਮਿੱਟੀ ਦੇ ਪੁੱਤਰਾਂ'(ਦਰਾਵੜਾ)ਨੂੰ ਸਦਾ ਲਈ ਆਪਣੇ ਦਾਸ ਬਣਾ ਦਿੱਤਾ। "ਦੂਜਾ ਮੰਤਵ ਸੀ ਮਨੂੰ ਦੇ ਕਾਨੂੰਨਾਂ ਨੂੰ ਦਰਾਵੜੇ ਉਪਰ ਠੋਸਣਾ । ਜੇ ਅਜਿਹਾ ਕਾਨੂੰਨ ਪੱਕੇ ਤੌਰ 'ਤੇ ਲਾਗੂ ਹੋ ਜਾਵੇਗਾ ਤਾਂ ਸੰਸਥਾਵਾਂ –ਸਰਕਾਰ, ਕੋਰਟਾਂ ਸੰਵਿਧਾਨ ਆਦਿ ਉੱਤੇ ਕੁਦਰਤੀ ਹੀ ਬ੍ਰਾਹਮਣਾ ਦੀ ਸਰਦਾਰੀ ਹੋ ਜਾਵੇਗੀ। ਇਹੋ ਜਿਹਾ ਪ੍ਰਬੰਧ ਬਾਕੀ ਸਾਰਿਆਂ ਨੂੰ ਸਦਾ ਸਦਾ ਲਈ ਗੁਲਾਮ ਬਣਾ ਦੇਵੇਗਾ।"[15] ਇਸੇ ਤਰ੍ਹਾਂ ਇਰਫਾਨ ਰਬੀਬ ਕਹਿੰਦਾ ਹੈ, ਜਾਤੀ-ਪ੍ਰਥਾ ਵਿੱਚ ਬ੍ਰਾਹਮਣਾ ਦੀ ਸਥਿਤੀ ,ਸੁਭਾਵਕ ਰੂਪ ਵਿੱਚ ਉਨ੍ਹਾਂ ਦੇ ਪ੍ਰਹੋਤੀ ਜ਼ਿੰਮੇਵਾਰੀਆਂ ਤੋਂ ਅਤੇ ਜਾਤ ਪ੍ਰਥਾ ਨੂੰ ਰਾਖਵੇਂਕਰਨ ਦੇਣ ਵਾਲੇ ਧਰਮ ਤੇ ਉਨ੍ਹਾਂ ਦੇ ਅਧਿਕਾਰ ਤੋਂ ਨਿਰਧਾਰਤ ਹੋਈ ਹੈ। ... ਜਾਤ ਸਿਧਾਂਤ ਨੂੰ ਧਰਮ ਦਾ ਅੰਗ ਬਣਾ ਕੇ ਬ੍ਰਾਹਮਣਾ ਨੇ ਜਾਤ-ਪ੍ਰਥਾ ਅਤੇ ਬ੍ਰਾਹਮਣਵਾਦ ਨੂੰ ਨਾ-ਵੰਡਣਯੋਗ ਬਣਾ ਦਿੱਤਾ।"[16] ਇਸ ਵਰਤਾਰੇ ਨੇ ਭਾਰਤੀ ਸਮਾਜ ਵਿਚ ਜਾਤੀਗਤ ਸੰਰਚਨਾ ਨੂੰ ਪਕੇਰਾ ਕੀਤਾ ਅਤੇ ਮਨੁੱਖੀ ਅਵਚੇਤਨ ਨੂੰ ਕਾਬੂ ਕੀਤਾ। ਇਸ ਸੰਰਚਨਾ ਦੀਆਂ ਜੜ੍ਹਾਂ ਇੰਨੀਆਂ ਗਹਿਰੀਆਂ ਹਨ ਕਿ ਲੰਬਾ ਸਮਾਂ ਗੁਜ਼ਰ ਜਾਣ ਬਾਅਦ ਵੀ ਇਹ ਜਾਤੀ-ਪਾੜਾ ਮੌਜੂਦ ਹੈ ਪਰ ਇਹ ਵੀ ਹਕੀਕਤ ਹੈ ਕਿ ਇਤਿਹਾਸ ਵਿੱਚੋਂ ਖਾਰਜ ਕੀਤੇ ਅਤੇ ਹਾਸ਼ੀਏ ਤੇ ਧਕੇਲੇ ਪ੍ਰਵਚਨ ਸਾਹਿਤ ਦਾ ਕੇਂਦਰ ਬਣਨ ਲੱਗੇ ਹਨ। ਸਾਹਿਤ ਵਿਚ ਜਦੋਂ ਹਾਸ਼ੀਏ 'ਤੇ ਧਕੇਲੇ ਮਨੁੱਖ ਦੀ ਗੱਲ ਆਉਂਦੀ ਹੈ ਤਾਂ ਦਲਿਤ ਅਤੇ ਦਮਿਤ ਦੀ ਪਰਿਭਾਸ਼ਾ ਦਾ ਸਵਾਲ ਖੜ੍ਹਾ ਹੋ ਜਾਂਦਾ ਹੈ । ਇਸੇ ਲਈ ਇਨ੍ਹਾਂ ਸੰਬੰਧੀ ਜੋ ਪਰਿਭਾਸ਼ਾਵਾਂ ਉਪਲਬੱਧ ਹਨ ਉਹ ਸੰਪੂਰਨ ਨਹੀਂ ਹਨ। ਮਸਲਨ ਜਮਾਤੀ ਚਿੰਤਨ ਸੋਸ਼ਿਤ ਧਿਰ ਨੂੰ ਦਲਿਤ ਮੰਨਦਾ ਹੈ, ਵਰਣ ਆਧਾਰਿਤ ਚਿੰਤਨ ਅਨੁਸਾਰ ਛੂਆਛਾਤ-ਸ਼ੂਦਰ (ਨਾਰੀ ਸਮੇਤ) ਦਲਿਤ ਹਨ ਅਤੇ ਅੰਬੇਡਕਰ ਚਿੰਤਨ ਅਛੂਤ ਅਤੇ ਸ਼ੂਦਰ ਨੂੰ ਦਲਿਤ, ਦਮਿਤ ਮੰਨਦਾ ਹੈ। ਸਮੂਹਿਕ ਰੂਪ ਵਿੱਚ ਵਿਚਾਰਿਆ ਜਾਵੇ ਤਾਂ ਉਹ ਦਲਿਤ, ਦਮਿਤ ਉਹ ਹੈ ਜੋ ਲਤਾੜਿਆ, ਮਨੁੱਖੀ ਜੀਵਨ ਦੀਆਂ ਆਮ ਲੋੜਾਂ ਤੋਂ ਸੱਖਣਾ, ਨੀਵੀਂ ਜਾਤੀ ਦਾ ਅਤੇ ਮਨੁੱਖੀ ਅਧਿਕਾਰਾਂ ਤੋਂ ਵੰਚਿਤ ਹੋਵੇ। ਬੇਸ਼ਕ "ਅਜਿਹਾ ਮਨੁੱਖ ਮੁੱਖ ਧਾਰਾ ਵਿਚੋਂ ਛੇਕਿਆ ਗਿਆ ਹੋਵੇ ਪਰੰਤੂ ਉਸਦੀ ਹੋਂਦ ਅਤੇ ਇਤਿਹਾਸ ਸਾਸ਼ਕ ਵਰਗ ਜਿੰਨਾ ਹੀ ਮੁੱਖ ਹੁੰਦਾ ਹੈ। ਐਨਤੋਨੀਓ ਗ੍ਰਾਮਸ਼ੀ ਅਨੁਸਾਰ, "ਹਾਸ਼ੀਆਗਤ ਸ਼੍ਰੇਣੀਆਂ ਦਾ ਇਤਿਹਾਸ ਵੀ ਓਨਾ ਹੀ ਮਹੱਤਵਪੂਰਨ ਹੁੰਦਾ ਹੈ, ਜਿੰਨਾ ਕੁਲੀਨ ਸ਼੍ਰੇਣੀਆਂ ਦਾ ।"[17] "ਇਸ ਲਈ ਦਲਿਤ ਸਾਹਿਤ ਦਾ ਵਿਸ਼ਲੇਸ਼ਣ ਕਰਦਿਆਂ ਇਨ੍ਹਾਂ ਵਿਚਾਰਾਂ ਨੂੰ ਮੱਦੇਨਜ਼ਰ ਰੱਖਣਾ ਸੁਹਿਰਦ ਚਿੰਤਕਾਂ ਲਈ ਬੇਹੱਦ ਮਹੱਤਵਪੂਰਨ ਹੈ। ਤਾਂ ਜੋ ਹਾਸ਼ੀਏ ਦੇ ਅਵਚੇਤਨ ਨੂੰ ਪਰਿਭਾਸ਼ਤ ਕਰਦਿਆਂ ਇਸ ਦੀ ਘਾੜਤ ਲਈ ਜ਼ਿੰਮੇਵਾਰ ਕਾਰਕਾਂ ਦੀ ਪਛਾਣ ਕਰਕੇ ਨਾਬਰੀ ਦੀ ਸੁਰ ਨੂੰ ਤਿੱਖਾ ਕੀਤਾ ਜਾ ਸਕੇ।"

ਜਾਤੀਵਾਦੀ ਵਿਵਸਥਾ ਬਾਬਤ ਪੰਜਾਬੀ ਸਾਹਿਤ ਦੀ ਲੰਬੀ ਪਰੰਪਰਾ ਵਿਦਮਾਨ ਹੈ। ਮਸਲਨ ਮੱਧਕਾਲ ਵਿਚ ਭਗਤੀ ਲਹਿਰ ਦੇ ਸਾਹਿਤ ਖਾਸਕਰ ਗੁਰਮਿਤ –ਕਾਵਿ ਨੂੰ ਪੜ੍ਹਿਆ ਜਾ ਸਕਦਾ ਹੈ। ਭਗਤ ਰਵੀਦਾਸ ਮੱਧਮ ਸੁਰ ਵਿੱਚ ਜਾਤੀਗਤ ਵਿਵਸਥਾ ਨੂੰ ਖਾਰਜ ਕਰਕੇ ਬਦਲਵੇਂ ਜ਼ਾਵੀਏ (Alternative-vision)ਵਜੋਂ 'ਬੇਗਮਪੁਰਾ' ਦਾ ਸੰਕਲਪ ਉਸਾਰਦਾ ਹੈ। ਬ੍ਰਾਹਮਣਵਾਦ ਨੇ ਗਿਆਨ ਉਪਰ ਕੁਲੀਨ ਵਰਗ ਦਾ ਕਬਜ਼ਾ ਕਰਵਾ ਦਿੱਤਾ ਸੀ। ਭਗਤ ਰਵੀਦਾਸ ਨੇ ਕਰਮ ਅਤੇ ਸਬਦ ਦੇ ਸੁਮੇਲ ਰਾਹੀਂ ਰੱਬ ਦੀ ਰਸਾਈ ਸ਼ੂਦਰਾ ਤੱਕ ਕਰਵਾ ਦਿੱਤੀ ਹੈ। ਇਸੇ ਤਰ੍ਹਾਂ ਕਬੀਰ ਵਧੇਰੇ ਮੁਖਰ ਤੇ ਪ੍ਰਤਿਰੋਧੀ ਸੁਰ ਵਿੱਚ ਬ੍ਰਾਹਮਣਵਾਦੀ ਨਿਜ਼ਾਮ ਦੇ ਕਰਮ-ਕਾਂਡਾਂ ਦਾ ਪਰਦਾ ਚਾਕ ਕਰਦਾ ਹੈ। ਕਬੀਰ ਨੇ ਪ੍ਰਚੱਲਿਤ ਬ੍ਰਾਹਮਣਵਾਦੀ ਗਿਆਨ-ਸ਼ਾਸਤਰ ਨਾਲ ਤੱਤੀ-ਤਿੱਖੀ ਭਾਸ਼ਾ ਵਿਚ ਸੰਵਾਦ ਰਚਾ ਕੇ ਲੋਕਪੱਖੀ ਪ੍ਰਵਚਨ ਸਿਰਜਿਆ ਹੈ। ਉਪਰੋਕਤ ਅਤੇ ਹੋਰ ਭਗਤਾਂ ਨੇ ਸਾਧਕ ਅਤੇ ਰੱਬ ਵਿਚਕਾਰ ਬ੍ਰਾਹਮਣ ਦੀ ਮਧਿਅਸਤਤਾ ਨੂੰ ਖਾਰਜ ਕਰਕੇ ਸਾਧਕ ਤੇ ਰੱਬ ਵਿਚਕਾਰ ਸਿੱਧਾ ਸੰਬੰਧ ਸਥਾਪਿਤ

ਕੀਤਾ। ਆਧੁਨਿਕ ਸਾਹਿਤ ਦੀਆਂ ਵਿਭਿੰਨ ਵਿਧਾਵਾਂ ਵਿੱਚ ਇਹ ਮਸਲਾ ਵਿਭਿੰਨ ਕੋਨਾਂ ਤੋਂ ਪੇਸ਼ ਹੈ। ਪੰਜਾਬੀ ਦਾ ਮਾਰਕਸਵਾਦੀ ਸਾਹਿਤ ਤੇ ਚਿੰਤਨ ਅਤੇ ਖੱਬੇਪੱਖੀ ਧਿਰਾਂ ਹੁਣ ਤੱਕ ਦਲਿਤ ਦੇ ਸਵਾਲ ਨੂੰ ਮਹਿਜ਼ ਵਰਗ ਦ੍ਰਿਸ਼ਟੀ ਤੋਂ ਹੀ ਵੇਖਦੀਆਂ ਰਹੀਆਂ ਹਨ। ਭਾਰਤੀ ਸੰਦਰਭ ਵਿੱਚ ਇਹ ਦ੍ਰਿਸ਼ਟੀ ਕਾਣੀ ਸਾਬਿਤ ਹੋਈ ਹੈ ਪਰੰਤੂ ਅੱਜਵੇਂ ਦੌਰ ਦਾ ਮਾਰਕਸਵਾਦੀ ਸਾਹਿਤਕਾਰ ਅਤੇ ਚਿੰਤਕ ਇਸ ਊਣਤਾਈ ਪੱਖੋਂ ਸੁਚੇਤ ਹੋਇਆ ਹੈ। ਹੁਣ ਪੰਜਾਬੀ ਸਾਹਿਤਕ ਹਲਕਿਆਂ ਵਿੱਚ ਹਾਸ਼ੀਏ ਦੇ ਸਮਾਜ ਦੇ ਸਰੋਕਾਰ ਅਗਰਭੂਮੀ ਵਿੱਚ ਆਏ ਹਨ। ਪੰਜਾਬੀ ਨਾਟਕ ਵਿਚ ਚਰਨ ਦਾਸ ਸਿੱਧੂ ਦਾ ਨਾਟ-ਜਗਤ ਇਸਦਾ ਜ਼ਾਮਨ ਹੈ। ਇਸੇ ਪਰੰਪਰਾ ਦੇ ਪ੍ਰਵਾਹ ਨੂੰ ਨਵੇਂ ਜ਼ਾਵੀਏ ਤੋਂ ਦੇਵਿੰਦਰ ਕੁਮਾਰ ਦੀਆਂ ਨਾਟ-ਰਚਨਾਵਾਂ ਅੱਗੇ ਤੋਰਦੀਆਂ ਹਨ। ਇਸ ਪੱਖੋਂ ਉਸਦਾ ਨਾਟਕ 'ਰਿਸਦੇ ਜ਼ਖਮਾਂ ਦੀ ਕਹਾਣੀ' ਪ੍ਰਤੀਨਿਧ ਰਚਨਾ ਹੈ।

ਦੇਵਿੰਦਰ ਕੁਮਰਾ ਚੌਥੀ ਪੀੜ੍ਹੀ ਦਾ ਸਮਰੱਥ ਨਾਟਕਕਾਰ ਹੈ। ਨਾਟਕ ਖੇਤਰ ਵਿੱਚ ਉਸਦਾ ਪੈਰ ਧਾਰਾਵਾਂ ' ਵਿਹੜਾ ਆਪਣਾ ਧਰਤ ਪਰਾਈ'(ਪੂਰਾ ਨਾਟਕ) 1990 ਰਾਹੀਂ ਹੁੰਦਾ ਹੈ। ਇਸ ਤੋਂ ਬਾਅਦ ਉਸਨੇ ਬਹੁਤ ਸਾਰੇ ਪੂਰੇ ਨਾਟਕਾਂ ਜਿਨ੍ਹਾਂ ਵਿੱਚ 'ਪਿੰਜਰੇ ਦੇ ਆਰ-ਪਾਰ '(1991),'ਦਲਦਲ (1993),'ਪਰਚਮ'(2007), 'ਦਿਨ ਚੜਦੇ ਤ੍ਰਿਕਾਲਾਂ ਢਲੀਆਂ '(2015)'ਨ੍ਰਿਤ ਤੋਂ ਤਾਂਡਵ ਤੱਕ (2016), 'ਕੂੰਜਾਂ ਕਵਨ ਦੇਸ਼ ਤੋਂ ਆਈਆਂ (2019)ਅਤੇ ਚਰਚਾ ਅਧੀਨ ਨਾਟਕ' ਰਿਸਦੇ ਜ਼ਖਮਾਂ ਦੀ ਕਹਾਣੀ (2021) ਸ਼ਾਮਿਲ ਹਨ। ਪੂਰੀਆਂ ਨਾਟ-ਰਚਨਾਵਾਂ ਦੇ ਨਾਲ-ਨਾਲ ਉਸਨੇ 'ਕਾਲੀ ਰਾਤ ਦਾ ਚੰਨ'(1999) ਇਕਾਂਗੀ-ਸੰਗ੍ਰਹਿ , ਵਿਕਲਿਤਰੇ ਨਾਟਕ(2017) ਨਾਟ-ਸੰਗ੍ਰਹਿ ਅਤੇ'ਅੰਨੀ ਜੂਰ ਦਾ ਚਾਨਣ' (2020) ਲਘੂ ਨਾਟ-ਸੰਗ੍ਰਹਿ ਵੀ ਛਾਇਆ ਕੀਤੇ ਹਨ। ਨਾਟ-ਸਿਰਜਣਾ ਤੋਂ ਬਿਨਾਂ ਉਸਨੇ ਨਾਟ-ਆਲੋਚਨਾ ਨਾਲ ਸੰਬੰਧਿਤ ਪੁਸਤਕਾਂ ਵੀ ਲਿਖੀਆਂ ਜਿਨ੍ਹਾਂ ਵਿੱਚ 'ਰੰਗਮੰਚ, ਰੇਡੀਓ ਅਤੇ ਟੀ.ਵੀ: ਸਿਧਾਂਤ ਤੇ ਵਿਹਾਰ ' (2015) ,' ਪੰਜਾਬੀ ਨਾਟਕ : ਵਿਰਸਾ ਤੇ ਵਰਤਮਾਨ (2016) ਅਤੇ 'ਪੰਜਾਬੀ ਰੰਗਮੰਚ: ਪਿਛੋਕੜ ਤੇ ਪਰਿਪੇਖ' (2016) ਵਿਸ਼ੇਸ਼ ਧਿਆਨ ਦੀ ਮੰਗ ਕਰਦੀਆਂ ਹਨ। ਉਸਦੇ ਪੂਰੇ ਨਾਟਕ 'ਪਰਚਮ' ਨੂੰ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵੱਲੋਂ ਪੁਰਸਕਾਰ ਵੀ ਪ੍ਰਾਪਤ ਹੋ ਚੁੱਕਾ ਹੈ। ਆਪਣੇ ਸਮਕਾਲੀਆਂ ਨਾਲੋਂ ਵੱਖਰਤਾ ਉਸਦੇ ਨਾਟਕਾਂ ਵਿੱਚ ਪੇਸ਼ ਗੰਭੀਰ ਵਿਸ਼ੇ ਹਨ। ਉਸਨੇ ਸਾਰੀਆਂ ਨਾਟ-ਰਚਨਾਵਾਂ ਵਿੱਚ ਹਾਸ਼ੀਏ 'ਤੇ ਧਕੇਲੀਆਂ ਧਿਰਾਂ ਦੀ ਮੂਕਤਾ ਨੂੰ ਜ਼ੁਬਾਨ ਦਿੱਤੀ ਹੈ ਜਿਨ੍ਹਾਂ ਵਿੱਚ ਦਲਿਤ ਤੇ ਦਮਿਤ ਕਬੀਲੇ, ਲੋਕ ਕਲਾਕਾਰ, ਮਾੜੀ ਕਿਸਾਨੀ ,ਨਾਰੀ ਵੇਦਨਾ, ਪਰਵਾਸ ਦੀ ਦੀ ਪੀੜ੍ਹ ਆਪਣੇ ਵਤਨ ਵਿੱਚ ਬੇਵਤਨੀ ਦਾ ਅਹਿਸਾਸ ਹੰਡਾਉਂਦਾ ਮਜ਼ਦੂਰ ਤਬਕਾ ਅਤੇ ਨਿਮਨ-ਜਾਤੀ ਦਾ ਦਰਦ ਆਦਿ ਪ੍ਰਮੁੱਖ ਹਨ। ਵਿਸ਼ਲੇਸ਼ਣ ਅਧੀਨ ਵਾਟਨਕ 'ਰਿਸਦੇ ਜ਼ਖਮਾਂ ਦੀ ਕਹਾਣੀ' ਵੀ ਹਾਸ਼ੀਏ ਤੇ ਧਕੇਲੇ ਮਨੁੱਖ ਦੀ ਵਾਰਤਾ ਹੈ। ਇਹ ਮਨੁੱਖ ਦਲਿਤ ਭਾਈਚਾਰੇ ਨਾਲ ਸੰਬੰਧਿਤ ਹੈ ਜੋ ਸਦੀਆਂ ਤੋਂ ਸਵੈ-ਪਛਾਣ ਦੇ ਮਸਲੇ ਨਾਲ ਜੂਝ ਰਿਹਾ ਹੈ। ਬ੍ਰਾਹਮਵਾਦੀ ਵਿਚਾਰਧਾਰਾ ਦੇ ਅਧੀਨ ਜੋ ਵਰਣਵੰਡ (ਬ੍ਰਾਹਮਣ,ਕਸ਼ੱਤਰ, ਵੈਸ਼ ਤੇ ਸ਼ੂਦਰ) ਸਿਰਜੀ ਗਈ ਉਸਨੇ ਕੰਮ ਦੀ ਵੰਡ ਦੇ ਨਾਲ-ਨਾਲ ਕਾਮਿਆ ਦੀ ਵੰਡ ਨੂੰ ਪਕੇਰਾ ਕੀਤਾ । ਇਸ ਸੰਬੰਧੀ ਡਾ. ਸਰਬਜੀਤ ਸਿੰਘ ਦੇ ਵਿਚਾਰ ਹਨ,' ਗਿਆਨ ਬ੍ਰਹਮਣ ਲਈ, ਸ਼ਸਤਰ ਕਸ਼ੱਤਰੀ ਲਈ, ਉਤਾਪਦਨ ਵੈਸ਼ ਲਈ ਨਿਰਧਾਰਤ ਕਰਕੇ ਮਲੀਨ ਸੇਵਾਵਾਂ ਦਾ ਕੰਮ ਇਕ ਵੱਡੀ ਲੋਕਾਈ ਲਈ ਨਿਰਧਾਰਤ ਕਰਕੇ ਕਿਰਤ ਦੀ ਵੰਡ ਨੂੰ ਜਾਤੀ ਵੰਡ ਵਿੱਚ ਤਬਦੀਲ ਕਰ ਦਿੱਤਾ। ਇਸ ਵੱਡੀ ਲੋਕਾਈ ਨੂੰ ਬੌਧਿਕਤਾ ਅਤੇ ਚਿੰਤਨ ਤੋਂ ਵਿਛੁੰਨ ਕੇ ਸਿਰਫ਼ ਦੇਹ ਦੀ ਕਿਰਤ ਤੱਕ ਸੀਮਤ ਕਰ ਦਿੱਤਾ, ਜਿਸ ਨਾਲ ਉਸ ਨੂੰ ਗਿਆਨ, ਸ਼ਸਤਰ ਅਤੇ ਉਤਪਾਦਨ 'ਚੋਂ ਬੇਦਖ਼ਲ ਕਰਕੇ ਪਰ-ਨਿਰਭਰਤਾ ਲਈ ਛੱਡ ਦਿੱਤਾ।'[18] ਦਲਿਤ ਮਨੁੱਖ ਇਸੇ ਵੱਡੀ ਲੋਕਾਈ ਦਾ ਹਿੱਸਾ ਹੈ। ਜਿਸਦੀ ਜਾਤ ਨੀਵੀਂ ਹੈ ਜੋ ਉੱਚ –ਜਾਤੀ ਦੇ ਅਧੀਨ ਹੈ ਅਤੇ ਸਦੀਆਂ ਤੋਂ ਬਣਾਏ ਨਿਯਮਾਂ ਦਾ ਸ਼ਿਕਾਰ ਹੈ। ਇਸੇ ਲਈ ਇਸ ਮਨੁੱਖ ਨੂੰ ਭਾਰੂ ਧਿਰ ਦੇ ਪ੍ਰਵਚਨ ਵਿੱਚ ਕੋਈ ਥਾਂ ਪ੍ਰਾਪਤ ਨਹੀਂ ਹੈ। 'ਰਿਸਦੇ ਜ਼ਖਮਾਂ ਦੀ ਕਹਾਣੀ' ਨਾਟਕ ਦਾ ਇਤਿਹਾਸਕ ਪਰਿਪੇਖ ਇਸੇ ਪ੍ਰੰਪਚ ਨੂੰ ਮੁੜ ਉਭਾਰਦਾ ਹੈ। ਇਸ ਨਾਟਕ ਵਿੱਚ ਦਲਿਤ ਪਰਿਵਾਰ ਅਤੇ ਦਲਿਤ ਭਾਈਚਾਰੇ ਸਨਮੁੱਖ ਆਉਂਦੀਆਂ ਸਮੱਸਿਆਵਾਂ ਨੂੰ ਮੁੱਖ ਵਿਸ਼ਾ ਬਣਾਇਆ ਗਿਆ ਹੈ। ਇਕ ਪਿੰਡ ਵਿੱਚ ਰਹਿੰਦਿਆਂ ਹੋਇਆ ਵੀ ਦਲਿਤ ਮਨੁੱਖ ਉੱਚ-ਜਾਤੀਆਂ ਦੇ ਬੁਰੇ ਵਿਵਹਾਰ ਦਾ ਸ਼ਿਕਾਰ ਹੁੰਦਾ ਹੈ। ਨਾਟਕ ਦਾ ਪਾਤਰ ਬਿਸ਼ਨਾ ਰਾਮ ਦਲਿਤ ਹੋਣ ਕਾਰਨ ਦੁਖਦ ਪ੍ਰਸਥਿਤੀਆਂ ਦਾ ਸਾਹਮਣਾ ਕਰਦਾ ਹੈ। ਸਾਧਨ ਸੰਪੰਨ ਧਿਰ ਸਾਧਨ ਵਿਹੀਨ ਧਿਰ ਦਾ

ਮਾਨਸਿਕ ਅਤੇ ਸਰੀਰਕ ਸੋਸ਼ਣ ਵੀ ਕਰਦੀ ਹੈ। ਮਸਲਨ ਸੰਪੰਨ ਬਿਸ਼ਨਾ ਰਾਮ ਦਾ ਪਿਓ ਭਾਗ ਰਾਮ ਬਿਸ਼ਨਾ ਰਾਮ ਨੂੰ ਸਾਰੀ ਉਮਰ ਬਚਪਨ 'ਚ ਹੋਏ ਸਰੀਰਕ ਤੇ ਮਾਨਸਿਕ ਤੱਸ਼ਦਦ ਬਾਰੇ ਦੱਸਦਾ ਰਹਿੰਦਾ ਹੈ। ਉਹ ਕੇਵਲ ਪੰਜ ਸਾਲ ਦਾ ਹੀ ਸੀ ਜਦੋਂ ਪਿੰਡ ਵਿਚ ਸਵਰਨ ਜਾਤੀ ਨਾਲ ਸੰਬੰਧਿਤ ਬਨਾਰਸੀ ਦਾਸ ਦੀ ਕੁੜੀ ਦਾ ਵਿਆਹ ਸੀ। ਬਾਘ ਰਾਮ ਛੋਟੇ ਬੱਚਿਆਂ ਨਾਲ ਰਲਕੇ ਬਰਾਤੀਆਂ ਦੁਆਰਾ ਖਾ ਕੇ ਸੁੱਟੇ ਭੋਜਨ ਵਿੱਚੋਂ ਇਕੱਲਾ ਪਕੋੜੇ ਚੁੱਕਦਾ ਫੜਿਆ ਗਿਆ। ਉਸ ਨੂੰ ਚੋਰ ਆਖਿਆ ਗਿਆ। ਬਰਾਤੀਆਂ ਦੁਆਰਾ ਕੁੱਟਿਆ ਮਾਰਿਆ ਗਿਆ। ਨਾਟਕ ਵਿਚ ਇਹ ਘਟਨਾ ਆਪਣੇ ਪਿਛੋਕੜ ਵਿਚ ਬ੍ਰਾਹਮਣਾ ਦੁਆਰਾ ਲਿਖੀ 'ਮਨੂੰ ਸਿਮ੍ਰਤੀ 'ਦੇ ਨਿਯਮਾਂ ਦੁਆਰਾ ਘੜੇ ਅਵਚੇਤਨ ਵੱਲ ਇਸ਼ਾਰਾ ਕਰਦੀ ਹੈ। ਇਸ ਵਿੱਚ ਸ਼ੂਦਰ ਮਨੁੱਖ ਦਾ ਬ੍ਰਾਹਮਣਾ ਨੂੰ ਖਾਣਾ ਖਾਂਦੇ ਦੇਖਣਾ ਵੀ ਵਰਜਿਤ ਹੈ। ਇਸ ਸੰਬੰਧੀ ਕੁਝ ਸਲੋਕਾਂ 'ਚੋਂ ਗੁਜ਼ਰਿਆ ਜਾ ਸਕਦਾ ਹੈ, " ਸੂਰ ਸੁੰਘਣ ਨਾਲ ਕੁੱਕੜ ਖੰਭਾਂ ਦੀ ਹਵਾ ਨਾਲ ਕੁੱਤਾ ਦੇਖਣ ਨਾਲ ਅਤੇ ਸ਼ੂਦਰ ਛੋਹਣ ਨਾਲ ਸ਼ਾਧ ਦੀਆਂ ਚੀਜ਼ਾਂ ਦਾ ਨਾਸ ਹੁੰਦਾ ਹੈ।"[19] ਜੋ ਮਨੁੱਖ ਸਰਾਧ ਵਿੱਚ ਖਾ ਕੇ ਜੂਠਾ ਭੋਜਨ ਸ਼ੂਦਰ ਨੂੰ ਦਿੰਦਾ ਹੈ, ਉਹ ਮੂਰਖ ਹੈ। ਆਖੀਰ ਸ਼ਰਮਿੰਦਾ ਹੋਇਆ ਕਾਲ ਸੂਤਰ ਨਾਂ ਦੇ ਨਰਕ ਵਿੱਚ ਪੈਂਦਾ ਹੈ। "[20] ਸ਼ੂਦਰ ਨੂੰ ਜੂਠ, ਹਵਨ ਤੋਂ ਬਚੀ ਸਮੱਗਰੀ ਨਾ ਦੇਵੇ। ਸ਼ੂਦਰ ਨੂੰ ਧਰਮ ਅਤੇ ਵਰਤ ਦਾ ਉਪਦੇਸ਼ ਵੀ ਨਹੀਂ ਕਰਨਾ ਚਾਹੀਦਾ।"[21] ਆਦਿ ਆਦਿ ਇਹ ਸਾਰੇ ਨਿਯਮ ਬ੍ਰਾਹਮਣ ਨੂੰ ਸਮਰੱਥ ਅਤੇ ਪ੍ਰਭਤਾਸ਼ਾਲੀ ਬਣਾ ਕੇ ਨਿਮਨ ਵਰਣਾਂ ਨੂੰ ਹਾਸ਼ੀਏ ਤੇ ਧਕੇਲ ਦਿੰਦੇ ਹਨ। ਦੁਨੀਆ ਭਰ ਵਿਚ ਇਹ ਵੀ ਭਾਰਤ ਦੇ ਹਿੱਸੇ ਆਇਆ ਹੈ ਕਿ ਇਕ ਵਰਣ ਨੇ ਸਾਰੀਆਂ ਸ਼ਕਤੀਆਂ ਆਪਣੇ ਵੱਸ ਕਰਕੇ ਬਾਕੀ ਵਰਣਾਂ ਨੂੰ ਗੁਲਾਮੀ ਵਰਗੀ ਸਥਿਤੀ ਵਿਚ ਸੁੱਟ ਦਿੱਤਾ। ਭਾਰਤੀ ਇਤਿਹਾਸ ਅੰਦਰ ਇਨ੍ਹਾਂ ਨਿਯਮਾਂ ਦੀ ਆੜ ਹੇਠ ਨਿਮਨ ਸ਼੍ਰੇਣੀਆਂ' ਤੇ ਅਨੇਕਾਂ ਜੁਲਮ ਕੀਤੇ ਗਏ ਹਨ। ਆਪਣੇ ਬਚਾਅ ਲਈ ਉਨ੍ਹਾਂ ਨੇ ਕਸ਼ੱਤਰੀ (ਰਾਜਾ) ਨੂੰ ਆਪਣੇ ਹਿੱਤਾਂ ਅਨੁਸਾਰ ਸਥਾਪਿਤ ਕੀਤਾ ਅਤੇ ਉਸਦਾ ਦੈਵੀਕਰਨ ਵੀ ਕੀਤਾ। ਬ੍ਰਾਹਮਣਾ ਨੇ ਰਾਜੇ ਨੂੰ ਬ੍ਰਾਹਮਣਾਂ ਤੋਂ ਧਰਮ ਗਿਆਨ ਬ੍ਰਾਹਮਣਾਂ ਲੈਣ ਦੀ ਸਿੱਖਿਆ ਦਿੱਤੀ, " ਰਾਜੇ ਨੂੰ ਚਾਹੀਦਾ ਹੈ ਕਿ ਵੇਦਾਂ ਦੇ ਗਿਆਤਾ ਬ੍ਰਾਹਮਣਾ ਤੋਂ ਤਿੰਨ ਵੈਦ, ਸਨਾਤਨ ਦੰਡ ਨੀਤੀ, ਤਰਕ ਸ਼ਾਸਤਰ ਅਤੇ ਬ੍ਰਹਮ ਵਿਦਿਆ ਸਿੱਖੇ।"[22] ਅਸਲ ਵਿਚ ਰਾਜੇ ਦੇ ਅਧਿਕਾਰ ਅਤੇ ਫਰਜ਼ ਚਾਰੇ ਵਰਣਾਂ ਨੂੰ ਥਾਂ-ਪੁਰ ਥਾਂ ਰੱਖਣਾ ਹੈ। ਉਸਦਾ ਫਰਜ਼ ਹੈ ਕਿ ਜਾਤੀ ਵਿਵਸਥਾ ਨੂੰ ਸਖਤੀ ਨਾਲ ਲਾਗੂ ਕਰੇ। ਜੇਕਰ ਉਹ ਅਜਿਹਾ ਨਹੀਂ ਕਰਦਾ ਅਤੇ ਬ੍ਰਾਹਮਣਾ ਦੇ ਵਿਧੀ ਵਿਧਾਨ ਦਾ ਪਾਲਣ ਨਹੀਂ ਕਰਦਾ ,"ਤਾਂ ਕੁੱਤੇ ਹਵਨ ਦੀ ਰਸਦ ਚੱਟਮ ਕਰ ਲੈਣ ਤੇ ਕਿਸੇ ਦਾ ਕਿਸੇ ਉਪਰ ਕੋਈ ਅਧਿਕਾਰ ਹੀ ਨਾ ਰਹੇ, ਵੱਡੇ ਛੋਟਿਆਂ ਤੋਂ ਸਭ ਕੁਝ ਖੋਹ ਲੈਣ ਅਤੇ ਨੀਚ ਸ਼ੂਦਰ ਉੱਚੇ ਵਰਣ ਵਰਗਾ ਵਿਵਹਾਰ ਕਰਨ ਲੱਗ ਜਾਣ।[23] ਰਾਜੇ ਨੂੰ ਸਥਾਪਿਤ ਕਰਕੇ ਬ੍ਰਾਹਮਣਾ ਨੇ ਆਪਣੇ ਘੜੇ ਨਿਯਮਾਂ ਨੂੰ ਸਮਾਜ ਵਿੱਚ ਸਖਤੀ ਨਾਲ ਲਾਗੂ ਕਰਵਾਇਆ। ਜੇਕਰ ਨਿਮਨ ਵਰਗਾਂ ਵਿੱਚੋਂ ਕੋਈ ਮਨੁੱਖ ਬ੍ਰਾਹਮਵਾਦੀ ਨਿਯਮਾਂ 'ਤੇ ਪ੍ਰਹਾਰ ਕਰਦਾ ਜਾਂ ਵਿਰੋਧ ਕਰਦਾ ਹੈ ਤਾਂ ਮੋੜਵੇਂ ਰੂਪ 'ਚ ਬਹੁਤ ਸਖਤ ਸਜ਼ਾਵਾਂ ਤੈਅ ਕੀਤੀਆਂ ਗਈਆਂ ਹਨ। ਸ਼ੂਦਰ ਮਨੁੱਖ ਲਈ ਤਾਂ ਬੇਹੱਦ ਦਰਦਨਾਕ ਤਸੀਹੇ ਘੜੇ ਗਏ ਹਨ ਮਸਲਨ,"ਬ੍ਰਾਹਮਣ ਨੂੰ ਕਠੋਰ ਵਚਨ ਕਹਿਣ ਤੇ ਖੱਤਰੀ ਇਕ ਸੌ ਪਣ ਦੇ ਦੰਡ ਦੇ, ਵੈਸ਼ਯ ਡੇਢ ਜਾਂ ਦੋ ਸੌ ਪਣ ਦੇ ਦੰਡ ਦੇ ਯੋਗ ਹੁੰਦਾ ਹੈ ਅਤੇ ਸ਼ੂਦਰ ਮੌਤ ਦੇ ਯੋਗ ਹੁੰਦਾ ਹੈ।"[24] ਜੇ ਸ਼ੂਦਰ ਬ੍ਰਾਹਮਣ ਦੇ ਨਾਲ ਇਕ ਆਗਣ ਤੇ ਬੈਠਣਾ ਚਾਹੇ ਤਾਂ ਰਾਜਾ ਉਸਦੀ ਕਮਰ ਤੁੜਵਾ ਕੇ ਉਸਨੂੰ ਦੇਸ਼ ਨਿਕਾਲਾ ਦੇ ਦੇਵੇ। ਜਾਂ ਉਸਦੇ ਚਿੱਤੜ ਕਟਵਾ ਦੇਵੇ।"[25] " ਜੋ ਸ਼ੂਦਰ ਹੰਕਾਰ ਨਾਲ ਬ੍ਰਾਹਮਣ ਦੇ ਕੇਸ, ਪੈਰ, ਦਾੜ੍ਹੀ, ਧੌਣ , ਪਤਾਲੂ ਫੜੇ ਤਾਂ ਰਾਜਾ ਬਿਨਾਂ ਵਿਚਾਰ ਕੀਤੇ, ਉਸ ਸ਼ੂਦਰ ਤੇ ਹੱਥ ਕਟਵਾ ਦੇਵੇ।"[26] ਆਦਿ ਆਦਿ। ਇਸ ਪ੍ਰਕਾਰ ਪ੍ਰਭਤਾਸ਼ਾਲੀ ਵਰਗ ਨੇ ਡਰ ਅਤੇ ਦਹਿਸ਼ਤ ਦਾ ਮਾਹੌਲ ਸਿਰਜਿਆ ਤਾਂ ਜੋ ਇਹ ਨਿਯਮ ਸਮਾਜ ਵਿੱਚ ਪੱਕੇ ਹੋ ਜਾਣ। ਤ੍ਰਾਸਦੀ ਇਹ ਹੈ ਕਿ ਇਨ੍ਹਾਂ ਨਿਯਮਾਂ ਨੇ ਭਾਰਤੀ ਸਮਾਜ ਦਾ ਅਵਚੇਤਨ ਘੜਨ ਵਿੱਚ ਕਾਮਯਾਬੀ ਵੀ ਪ੍ਰਾਪਤ ਕੀਤੀ ਹੈ। ਇਹ ਵੇਰਵੇ ਦੇਣ ਦਾ ਮਕਸਦ ਜਾਤੀ ਅਵਚੇਤਨ ਨੂੰ ਗਹਿਣ ਰੂਪ ਵਿੱਚ ਸਮਝਣਾ ਹੈ। ਨਾਟਕ' ਰਿਸਦੇ ਜ਼ਖਮਾਂ ਦੀ ਕਹਾਣੀ ਵਿੱਚ ' ਵਿੱਚ ਵੀ ਇਹ ਜਾਤੀ ਅਵਚੇਤਨ ਪੇਸ਼ ਹੋਇਆ ਹੈ ਜਿਸਦਾ ਸ਼ਿਕਾਰ ਭਾਗ ਰਾਮ ਬਣਦਾ ਹੈ:

ਪੂਨਮ: (ਸੂਤਰਧਾਰ ਦੇ ਰੂਪ ਵਿਚ) ਆਦਿ ਧਰਮੀ ਕਹਿਣ ਦੀ ਦੇਰ ਸੀ ਬਰਾਤੀਆਂ ਨੇ ਰੌਲਾ ਪਾ ਦਿੱਤਾ। ਆਦਿ ਧਰਮੀਆਂ ਦਾ ਮੁੰਡਾ, ਸ਼ੂਦਰ ਦਾ ਮੁੰਡਾ , ਬਰਾਤੀਆਂ ਨੂੰ ਭਾਗੇ ਦੇ ਚੋਰ ਹੋਣ ਦਾ ਸ਼ੱਕ ਸੀ ਇਸ ਲਈ ਉਹ ਵਾਰ-ਵਾਰ ਕਹਿ ਰਹੇ ਸਨ ਕਿ ਤਲਾਸ਼ੀ ਲਓ ਇਹਦੀ ।... ਜਦੋਂ ਤਲਾਸ਼ੀ ਲਈ ਗਈ ਤਾਂ ਭਾਗੇ ਦੀ ਜੇਬ ਵਿੱਚੋਂ ਪੌਕੜੇ ਨਿਕਲੇ। ਬਰਾਤੀਆਂ ਨੇ ਸ਼ੋਰ ਮਚਾ ਦਿੱਤਾ। ਅਨਰਥ ਹੋ ਗਿਆ, ਸਾਡਾ ਧਰਮ ਹੀ ਭੰਗ ਹੋ ਗਿਆ। ਸਾਰਾ ਖਾਣਾ ਭਿੱਟਿਆ ਗਿਆ। ਕੋਈ ਵੀ ਖਾਣਾ ਨਾ ਖਾਇਓ।... ਭਾਗਾ ਆਪਣੇ ਚੋਰ ਨਾ ਹੋਣ ਦੀ ਦੁਹਾਈ ਦਿੰਦਾ ਰਿਹਾ,... ਬਰਾਤੀ ਆਪਣਾ ਗੁੱਸਾ ਭਾਗੇ ਤੇ ਕੱਢ ਰਹੇ ਸਨ, ਉਸ ਨੂੰ ਕੁੱਟਮਾਰ ਰਹੇ ਸਨ।[27]

ਪ੍ਰਕਾਸ਼ : (ਬਨਾਰਸੀ ਦੇ ਰੂਪ ਵਿੱਚ) ਬੰਨੋ ਇਸ ਮੁੰਡੇ ਨੂੰ ਦਰੱਖਤ ਨਾਲ, ਸਾਰੇ ਪਿੰਡ ਨੂੰ ਪਤਾ ਲੱਗਣਾ ਚਾਹੀਦਾ ਹੈ ਕਿ ਖਾਣਾ ਭਿੱਟਣ ਦੀ ਕੀ ਸਜ਼ਾ ਹੁੰਦੀ ਹੈ।[28]

ਅਜਿਹਾ ਸਖਤ ਵਿਵਹਾਰ ਹਾਸ਼ੀਏ' ਤੇ ਧਕੇਲੇ ਮਨੁੱਖ ਨੂੰ ਸਵੈ ਦੀ ਖੋਲ ਵਿਚ ਸੁੰਘੜ ਜਾਣ ਲਈ ਮਜ਼ਬੂਰ ਕਰ ਦਿੰਦੀ ਹੈ। ਜ਼ਿਆਦਾਤਰ ਮਨੁੱਖ ਇਸ ਵਰਤਾਰੇ ਅੱਗੇ ਝੁਕ ਜਾਂਦੇ ਹਨ ਅਤੇ ਸੱਤਾ ਦੁਆਰਾ ਸਿਰਜੀ /ਦਿੱਤੀ ਗੁਲਾਮੀ ਨੂੰ ਆਪਣੇ ਕਰਮਾਂ ਦਾ ਫਲ ਕਹਿ ਕੇ ਸਵੀਕਾਰ ਕਰ ਲੈਂਦੇ ਹਨ। ਵਰਣ ਵਿਵਸਥਾ ਦੁਆਰਾ ਸਿਰਜੇ ਇਸ ਜਾਤੀ ਅਵਚੇਤਨ ਕਾਰਨ ਅੱਜ ਵੀ ਦਲਿਤ ਮਨੁੱਖ ਜ਼ੁਲਮ ਅਤੇ ਤਸ਼ੱਦਦ ਦੀ ਜੱਦ ਵਿਚ ਹੈ। ਦਲਿਤਾਂ ਨਾਲ ਬਦਸਤੂਰ ਜਾਰੀ ਅਮਾਨਵੀ ਵਿਵਹਾਰ ਬਾਬਤ ਆਨੰਦ ਤੇਲਤੁੰਬੜੇ ਦੁਆਰਾ ਪੇਸ਼ ਕੀਤੇ ਗਏ ਅੰਕੜੇ ਰੌਂਗਟੇ ਖੜ੍ਹੇ ਕਰ ਦੇਣ ਵਾਲੇ ਹਨ, ਉਹ ਲਿਖਦਾ ਹੈ , " ਭਾਰਤੀ ਅਪਰਾਧ ਰਿਕਾਰਡ ਬਿਊਰੋ ਦੇ ਅੰਕੜੇ ਦੱਸਦੇ ਹਨ ਕਿ ਹਰ ਰੋਜ਼ ਤਿੰਨ ਦਲਿਤ ਔਰਤਾਂ ਨਾਲ ਬਲਾਤਕਾਰ ਹੁੰਦਾ ਹੈ, ਦੋ ਦਲਿਤਾਂ ਦੀ ਹੱਤਿਆ ਹੁੰਦੀ ਹੈ, ਘੱਟੋਂ ਘੱਟ ਦੋ ਦਲਿਤਾ ਦੇ ਘਰ ਜਲਾਏ ਜਾਂਦੇ ਹਨ ਅਤੇ ਦਲਿਤਾਂ ਨੂੰ ਕੁੱਟਣ ਮਾਰਨ ਦੀ ਘਟਨਾ ਤਾਂ ਆਮ ਹੈ। .. ਇਹ ਉਨ੍ਹਾਂ ਸਤਾਰਾਂ ਕਰੋੜ ਲੋਕਾਂ ਦੀ ਦੁਰਦਸ਼ਾ ਹੈ, ਜਿਨ੍ਹਾਂ ਦੀ ਜਨਸੰਖਿਆ ਦੁਨੀਆ ਦੇ 65 ਦੇਸ਼ਾਂ ਦੇ ਬਰਾਬਰ ਹੈ। ਪੂਰਬੀ ਯੂਰਪ ਦੀ ਜਨਸੰਖਿਆ ਦੇ ਬਰਾਬਰ ਹੈ। ਏਨੀ ਵੱਡੀ ਜਨਸੰਖਿਆ ਦੀ ਹਾਲਤ ਦੇਸ਼ ਦੀ ਕਿਸੇ ਵੀ ਘੱਟ ਗਿਣਤੀ ਜਾਤੀ ਦੇ ਮੁਕਾਬਰਲੇ ਵਿੱਚ ਬੇਹੱਦ ਖਰਾਬ ਹੈ।"[29] ਇਸੇ ਜਾਤੀ ਵਿਤਕਰੇ ਕਾਰਨ ਭਾਗ ਰਾਮ ਨੂੰ ਛੋਟਾ ਬੱਚਾ ਹੋਣ ਦੇ ਬਾਵਜੂਦ ਬਖਸ਼ਿਆ ਨਹੀਂ ਜਾਂਦਾ। ਉਹ ਤਮਾਮ ਉਮਰ ਇਸ ਪੀੜ੍ਹ ਦਾ ਭਾਰ ਆਪ ਤਾਂ ਢੋਂਹਦਾ ਹੀ ਹੈ ਉਸਦਾ ਮੁੰਡਾ ਬਿਸ਼ਨਾ ਰਾਮ ਵੀ ਸਾਰੀ ਉਮਰ ਇਸ਼ੇ ਦਰਦ ਨੂੰ ਸਹਿੰਦਾ ਹੈ। ਉਹ ਆਪਣੇ ਪਿਓ ਦੀ ਬੇਇੱਜ਼ਤੀ ਦਾ ਬਦਲਾ ਲਈ ਪਿੰਡੋਂ ਇੰਗਲੈਂਡ ਜਾਂਦਾ ਹੈ। ਉਹ ਬਹੁਤ ਸਾਰਾ ਪੈਸਾ ਇੱਕਠਾ ਕਰਕੇ ਉਮਰ ਦੇ ਅਖ਼ੀਰਲੇ ਸਾਲਾਂ ਵਿਚ ਵਾਪਸ ਪਿੰਡ ਮੁੜਦਾ ਹੈ। ਪਿੰਡ'ਚ ਜ਼ਮੀਨ ਖਰੀਦਦਾ ਹੈ, ਵੱਡੀ ਕੋਠੀ ਪਾਉਂਦਾ ਹੈ ਅਤੇ ਇਕ ਮੈਰਿਜ ਪੈਲੇਸ ਬਣਾਉਂਦਾ ਹੈ। ਇਸ ਮੈਰਿਜ ਪੈਲੇਸ ਬਣਾਉਣ ਪਿੱਛੇ ਬਾਗ ਰਾਮ ਨਾਲ ਬੀਤੀ ਬਚਪਨ ਦੀ ਘਟਨਾ ਕਾਰਜਸ਼ੀਲ ਹੈ। ਬਿਸ਼ਨਾ ਮੈਰਿਜ ਪੈਲੇਸ ਬਣਾ ਕੇ ਪਿਓ ਦੇ ਬੇਇੱਜ਼ਤੀ ਦਾ ਬਦਲਾ ਲੈਣਾ ਚਾਹੁੰਦਾ ਹੈ। ਪਰੰਤੂ ਜਾਤੀਵਾਦੀ ਸਮਾਜ ਦੀ ਡੂੰਘੀ ਛਾਪ ਕਾਰਨ ਦਲਿਤ ਮਨੁੱਖ ਜਿੰਨੀ ਚਾਹੇ ਤਰੱਕੀ ਕਰ ਲਵੇ, ਉਸਦੀ ਜਾਤੀ ਪਹਿਚਾਣ ਨਿਮਨ ਹੀ ਰਹਿੰਦੀ ਹੈ। ਨਾਟਕ ਵਿਚ ਪੇਸ਼ ਲਹਿਣਾ ਸਿੰਘ ਗ੍ਰੰਥੀ ਜੋ ਜਾਤ ਦਾ ਜੱਟ ਹੈ ਅਤੇ ਜਿਸ ਕੋਲ਼ ਢਾਈ ਕਿੱਲੇ ਜ਼ਮੀਨ ਹੈ ਜੋ ਆਪਣੇ ਆਪ ਨੂੰ ਗੁਰਬਾਣੀ ਦਾ ਗਿਆਤਾ ਕਹਿੰਦਾ ਹੈ ਬਿਸ਼ਨਾ ਰਾਮ ਨਾਲ ਭੈੜਾ ਵਿਵਹਾਰ ਕਰਦਾ ਹੈ। ਇਸਦਾ ਕਾਰਨ ਵੀ ਵਰਣ ਵਿਵਸਥਾ ਦੁਆਰਾ ਘੜਿਆ ਅਵਚੇਤਨ ਦਾ ਭਾਰੂ ਹੋਣਾ ਹੈ:

ਪ੍ਰਕਾਸ਼: (ਲਹਿਣਾ ਸਿੰਘ ਦੇ ਰੂਪ ਵਿਚ) ਬਿਸ਼ਨਿਆ, ਜੇ ਤੂੰ ਅੱਜ ਵੱਡਾ ਬਣ ਗਿਆ ਤਾਂ ਇਹਦਾ ਮਤਲਬ ਇਹ ਨੀ ਕਿ ਅਸੀਂ ਛੋਟੇ ਹੋ ਗਏ ਆਂ। ਜੱਟ

ਦਾ ਰੁਤਬਾ ਹਮੇਸ਼ਾ ਉੱਚਾ ਰਹਿੰਦਾ। ਅਸੀਂ ਕੱਲ੍ਹ ਵੀ ਸਰਦਾਰ ਸੀ ਤੇ
ਅੱਜ ਵੀ ਸਰਦਾਰ ਆਂ।.. ਤੂੰ ਭਾਵੇਂ ਦਸ ਖੇਤ ਜ਼ਮੀਨ ਦੇ ਹੋਰ ਬੈਅ ਲੈ
ਲਾ ਪਰ ਤੂੰ ਸਾਡੇ ਬਰੋਬਰ ਜੱਟ ਨੀ ਬਣ ਸਕਦਾ, ਰਹਿਣਾ ਤੂੰ ਭਾਗੇ ਦਾ
ਬਿਸ਼ਨਾ ਈ ਆ।[30]

ਇਹ ਸੰਵਾਦ ਜਿਥੇ ਉੱਚ ਸ਼੍ਰੇਣੀ ਦੀ ਨਿਮਨ ਸ਼੍ਰੇਣੀ ਲਈ ਹੀਣ ਮਾਨਸਿਕਤਾ ਦੀ ਜ਼ਾਮਨੀ ਭਰਦਾ ਹੈ, ਉਥੇ ਦੂਜੇ ਪਾਸੇ ਲਹਿਣਾ ਸਿੰਘ ਜੋ ਗ੍ਰੰਥੀ ਹੈ, ਗੁਰਬਾਣੀ ਦਾ ਗਿਆਤਾ ਹੈ ਦੀ ਰੂੜ੍ਹੀਗਤ ਸੋਚ ਰਾਹੀਂ ਸਿੱਖ ਧਰਮ ਵਿੱਚ ਆਈ ਗਿਰਾਵਟ ਨੂੰ ਵੀ ਦਰਸਾਉਂਦਾ ਹੈ। ਉਹ ਧਰਮ ਜਿਸ ਵਿੱਚ 'ਮਾਨਸ ਕੀ ਜਾਤ ਸਭੈ ਏਕੋ ਪਹਿਚਾਣਬੋ' ਦਾ ਹੋਕਾ ਦਿੱਤਾ ਗਿਆ। ਦਲਿਤ ਸਿੱਖਾਂ ਨੂੰ ' ਰੰਗਰੇਟਾ ਗੁਰੂ ਕਾ ਬੇਟਾ' ਆਖਿਆ ਗਿਆ। ਸਿੱਖ ਧਰਮ ਦਾ ਪ੍ਰਚਾਰ ਕਰਨ ਵਾਲਿਆ ਦੀ ਸੌੜੀ ਸੋਚ ਦਾ ਨਤੀਜਾ ਹੀ ਹੈ ਕਿ ਹਰੇਕ ਪਿੰਡ ਸ਼ਹਿਰ ਅੰਦਰ ਉੱਚ ਜਾਤੀ ਤੇ ਅੱਡਰੇ-ਅੱਡਰੇ ਗੁਰਦੁਆਰੇ ਅਤੇ ਸ਼ਮਸ਼ਾਨ ਘਾਟ ਮੌਜੂਦ ਹਨ। ਇਸ ਨਾਟਕ ਵਿੱਚ ਵੀ ਇਹ ਵੇਰਵੇ ਮੌਜੂਦ ਹਨ। ਨਾਟਕ ਵਿੱਚ ਇਕ ਦਲਿਤ ਪਾਤਰ ਸੋਮਪਾਲ ਦੇ ਪਿਓ ਦੀ ਮੌਤ ਹੋਣਾ, ਦਲਿਤਾਂ ਦੇ ਸ਼ਮਸ਼ਾਨ ਘਾਟ ਨੀਵੇਂ ਹੋਣ ਕਾਰਨ ਤੇਜ਼ ਮੀਂਹ ਦਾ ਪਾਣੀ ਭਰ ਜਾਣਾ, ਅਜਿਹੀ ਸਥਿਤੀ ਵਿੱਚ ਵੀ ਉੱਚ ਜਾਤੀ ਸ਼ਮਸ਼ਾਨ ਘਾਟ ਵਿੱਚ ਮੁਰਦੇ ਦੇ ਸੰਸਕਾਰ ਲਈ ਮਨ੍ਹਾ ਕਰ ਦੇਣਾ ਅਤੇ ਦਲਿਤ ਮੁਰਦੇ ਲਈ ਸ਼ਹਿਰ ਜਾ ਕੇ ਵੱਖਰਾ ਸੰਸਕਾਰ ਕਰਨਾ ਆਦਿ ਇਹ ਸਾਰੇ ਵੇਰਵੇ ਦਲਿਤ ਭਾਈਚਾਰੇ ਦੀ ਸਮਾਜ ਵਿੱਚ ਨਿਮਨ ਸਥਿਤੀ ਅਤੇ ਵੇਦਨਾ ਦਾ ਪ੍ਰਗਟਾਵਾ ਹਨ :

ਪੂਨਮ: (ਸੂਤਰਧਾਰ ਦੇ ਰੂਪ ਵਿੱਚ)... ਲਹਿਣਾ ਸਿੰਘਾਂ,ਤੁਸੀਂ ਲੋਕ ਜਿਹੜੇ
ਮੁਰਦਿਆਂ ਦੀਆਂ ਵੀ ਜਾਤਾਂ ਪਰਖਦੇ ਹੋ ਤੁਸੀਂ ਤਾਂ ਏਸ ਯੁੱਗ ਦੇ
ਮਨੂੰਵਾਦੀ ਤੋ, ਬਸ ਭੇਸ ਵਿੱਚ ਈ ਫਰਕ ਆ।[31]

ਨਾਟਕਕਾਰ ਉਪਰੋਕਤ ਵਰਤਾਰੇ ਦੀ ਕਾਟ ਪਿੰਡ ਵਿੱਚ ਸਾਂਝੇ ਸ਼ਮਸ਼ਾਨ ਘਾਟ ਅਤੇ ਅੰਤਰਜਾਤੀ ਵਿਆਹ ਰਾਹੀਂ ਸੁਝਾਉਦਾ ਹੈ। ਨਾਟਕ ਵਿੱਚ ਦਲਿਤ ਪਾਤਰ ਬਲਜੀਤ ਪੇਸ਼ ਹੋਇਆ ਜੋ ਪੜ੍ਹਿਆ ਲਿਖਿਆ ਅਤੇ ਫੁੱਟਬਾਲ ਖੇਡ ਵਿਚ ਮਾਹਿਰ ਹੈ। ਲਹਿਣਾ ਸਿੰਘ ਦੀ ਪੋਤੀ ਹਰਜੀਤ ਕੌਰ ਇਸ ਮੁੰਡੇ ਨਾਲ ਅੰਤਰਜਾਤੀ ਵਿਆਹ ਕਰਾਉਣ ਲਈ ਬਜ਼ਿੱਦ ਹੈ ਜਦਕਿ ਬਲਜੀਤ ਉਸ ਨੂੰ ਵਾਰ-ਵਾਰ ਇਸ ਸੰਬੰਧੀ ਸੋਚਣ –ਵਿਚਾਰਨ ਲਈ ਕਹਿੰਦਾ ਹੈ। ਏਥੇ ਪ੍ਰਸਿੱਧ ਇਨਕਲਾਬੀ ਕਵੀ ਲਾਲ ਸਿੰਘ ਦਿਲ ਦੀ ਕਵਿਤਾ 'ਜਾਤ' ਬਹੁਤ ਢੁੱਕਦੀ ਹੈ ਜੋ ਉਸਦੇ ਕਾਵਿ –ਸੰਗ੍ਰਹਿ ਸੱਥਰ (1997) ਵਿਚ ਦਰਜ ਹੈ 'ਮੈਨੂੰ ਪਿਆਰ ਕਰਦੀਏ ਪਰ-ਜਾਤ ਕੁੜੀਏ, ਸਾਡੇ ਸਕੇ ਮੁਰਦੇ ਵੀ ਇੱਕ ਥਾਂ' ਨਹੀਂ ਜਲਾਉਂਦੇ ' ਇਸੇ ਕਰਕੇ ਜਦੋਂ ਹਰਜੀਤ ਕੌਰ ਆਪਣਾ ਫੈਸਲਾ ਨਹੀਂ ਬਦਲਦੀ ਤਾਂ ਲਹਿਣਾ ਸਿੰਘ ਆਤਮ ਹੱਤਿਆ ਕਰ ਲੈਂਦਾ ਹੈ। ਇਸੇ ਲਹਿਣਾ ਸਿੰਘ ਦੀ ਮੌਤ ਨਾਲ ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ। ਸਰਪੰਚ ਉਸਦਾ ਅੰਤਿਮ ਸੰਸਕਾਰ ਕਰਨ ਲਈ ਕਾਹਲਾ ਹੈ ਪਰੰਤੂ ਦਲਿਤ ਭਾਈਚਾਰੇ ਦੇ ਲੋਕ ਪੁਲਿਸ ਨੂੰ ਬੁਲਾਉਣਾ ਚਾਹੁੰਦੇ ਹਨ। ਸਿੱਟਾ ਇਹ ਕੱਢਿਆ ਜਾਂਦਾ ਹੈ ਕਿ ਲਹਿਣਾ ਸਿੰਘ ਦਾ ਸੰਸਕਾਰ ਇਸ ਸ਼ਰਤ ਤੇ ਹੋਵੇਗਾ ਕਿ ਪਿੰਡ ਵਿੱਚ ਸਾਂਝਾ ਸਮਸ਼ਾਨ ਘਾਟ ਬਣਾਇਆ ਜਾਵੇ। ਇਹ ਘਟਨਾਵਾਂ ਦਲਿਤ ਭਾਈਚਾਰੇ ਵਿਚ ਪੈਦਾ ਹੋ ਰਹੀ ਨਵੀਂ ਚੇਤਨਾ ਨੂੰ ਪਰਿਭਾਸ਼ਿਤ ਕਰਦੀਆਂ ਹਨ। ਇਸ ਤੋਂ ਬਿਨਾਂ ' ਨਾਟਕ ਵਿੱਚ ਦਲਿਤ ਭਾਈਚਾਰੇ ਦੇ ਪੜ੍ਹੇ ਲਿਖੇ ਨੌਜਵਾਨਾਂ ਦੁਆਰਾ ਆਪਣੇ ਮੁਹੱਲੇ ਦਾ ਨਾਮ ' ਚਮਾਰੜੀ ਤੋਂ ਬਦਲ ਕੇ 'ਕਾਂਸੀ' ਨਗਰ ( ਕਾਸ਼ੀ ਰਾਮ ਜੀ ਦੀ ਨਾਂ 'ਤੇ ਆਧਾਰਿਤ) ਰੱਖਣਾ, ਤਾਂ ਡਾ ਭੀਮ ਰਾਓ ਅੰਬੇਡਕਰ ਦੇ ਨਾਂ 'ਤੇ ਵੱਖਰਾ ਸਪੋਰਟਸ ਕਲੱਬ ਬਣਾਉਣਾ, ਦਲਿਤ ਮੁਹੱਲੇ ਅੰਦਰ ਲਾਇਬ੍ਰੇਰੀ ਸਥਾਪਿਤ ਕਰਨੀ ਆਦਿ ਵੇਰਵੇ ਵੀ ਦਲਿਤ ਮਨੁੱਖ ਅੰਦਰ ਪੈਦਾ ਹੋ ਰਹੀਂ ਨਵੀਂ ਚੇਤਨਾ ਨੂੰ ਦਰਸਾਉਂਦੇ ਹਨ.। ਦਲਿਤ 'ਸੰਵੇਦਨਾ' ਤੋਂ 'ਦਲਿਤ ਚੇਤਨਾ' ਤੱਕ ਦਾ ਇਹ ਸ਼ਫਰ ਹੀ ਇਸ ਵਰਗ ਨੂੰ ਸਮਾਜ ਵਿੱਚ ਸਨਮਾਨ ਯੋਗ ਸਥਿਤੀ ਤੱਕ ਪਹੁੰਚਾ ਸਕਦਾ ਹੈ। ਨਾਟਕਕਾਰ ਖੁਦ ਇਸ ਨਟਾਕ ਸੰਬੰਧੀ ਵਿਚਾਰ ਪ੍ਰਗਟ ਕਰਦਾ ਹੈ, ' ਪੰਜਾਬ ਦੀ ਮੌਜੂਦਾ ਰਾਜਾਸੀ ਸਥਿਤੀ ਇਹ

ਹੈ ਕਿ ਦਲਿਤ ਵਰਗ ਬੁਰਜ਼ੂਆ ਵਿਚਾਰਧਾਰਾ ਵਾਲੀਆਂ ਵੱਖ-ਵੱਖ ਰਾਜਸੀ ਪਾਰਟੀਆਂ ਦੇ ਸਿਆਸੀ ਪ੍ਰਭਾਵ ਵਿਚ ਵੰਡਿਆ ਹੋਇਆ ਹੈ। ਇਸ ਲਈ ਵੰਚਿਤ, ਸੋਸ਼ਿਤ ਅਤੇ ਦਲਿਤ ਜਨ-ਸਮੂਹ ਨੂੰ ਕਿਸੇ ਦਾ ਪਿਛਲੱਗ ਬਣਨ ਦੀ ਬਜਾਇ ਆਪਣੀ ਮੁਕਤੀ ਲਈ ਸਮਾਜਕਿ ਅਤੇ ਰਾਜਸੀ ਰੂਪ ਵਿਚ ਚੇਤਨ ਹੋ ਕੇ ਸਮਾਜ ਵਿੱਚ ਆਪਣੀ ਪਛਾਣ ਅਤੇ ਗੌਰਵ ਦੀ ਰਾਖੀ ਲਈ ਸੰਘਰਸ਼ ਕਰਨਾ ਪਵੇਗਾ।"[32] ਨਾਟਕਕਾਰ ਨੇ ਜਿੱਥੇ ਇਸ ਨਾਟਕ ਰਾਹੀਂ ਹਾਸ਼ੀਏ ' ਧਕੇਲੇ ਮਨੁੱਖ ਦਾ ਪ੍ਰਵਚਨ ਸਿਰਜਿਆ ਹੈ, ਉਥੇ ਹੀ ਮਰਾਕਸਵਾਦ'ਤੇ ਆਧਾਰਿਤ ਕਮਿਊਨਿਸਟ ਪਾਰਟੀਆਂ ਅਤੇ ਖੱਬੇਪੱਖੀ ਸੋਚ ਬਸ਼ਿੰਦਿਆਂ ਦੀ 'ਜਾਤੀ ਚੇਤਨਾ' ਪ੍ਰਤੀ ਅਵੇਸਲੇਪਣ ਨੂੰ ਵੀ ਪੇਸ਼ ਕੀਤਾ ਹੈ। ਪਾਤਰ'ਕਾਮਰੇਡ ਰਾਹੀਂ ਇਹ ਸੱਚ ਬਿਆਨ ਕੀਤਾ ਗਿਆ ਹੈ ਕਿ ਕਮਿਊਨਿਸਟ ਤੇ ਖੱਬੇ ਪੱਖੀ ਪਾਰਟੀਆਂ ਨੇ 'ਜਮਾਤੀ ਚੇਤਨਾ' ਜਗਾਉਣ ਲਈ ਕਿਸਾਨ ਅਤੇ ਮਜ਼ਦੂਰ ਨੂੰ ਤਾਂ ਕੇਂਦਰਿਤ ਕੀਤਾ ਹੈ ਪਰੰਤੂ ਹਾਸ਼ੀਏ ਤੇ ਧਕੇਲੇ ਦਲਿਤ ਮਨੁੱਖ ਨੂੰ ਕੇਂਦਰਿਤ ਨਹੀਂ ਕੀਤਾ ਜਦਕਿ ਭਾਰਤ ਵਰਗੇ ਵਰਣਾਂ, ਜਾਤਾਂ ਵਿਚ ਵੰਡੇ ਸਮਾਜ ਅੰਦਰ ਜਿੰਨੀ ਦੇਰ ਜਾਤੀ ਚੇਤਨਾ ਪੈਦਾ ਨਹੀਂ ਹੁੰਦੀ ਅਤੇ ਜਾਤ-ਵਿਵਸਥਾ ਇਸ 'ਜਮਾਤੀ ਚੇਤਨਾ' ਪੈਦਾ ਨਹੀਂ ਹੋ ਸਕਦੀ ਸਗੋਂ ਜਾਤ-ਵਿਵਸਥਾ ਨਹੀਂ ਟੁੱਟਦੀ ਉਦੋਂ ਤੱਕ 'ਜਮਾਤੀ ਚੇਤਨਾ' ਪੈਦੀ ਨਹੀਂ ਹੋ ਸਕਦੀ ਸਗੋਂ ਜਾਤ-ਵਿਵਸਥਾ ਇਸ 'ਜਮਾਤੀ –ਚੇਤਨਾ' ਨੂੰ ਤੋੜਨ ਦਾ ਕੰਮ ਹੀ ਕਰੇਗੀ। ਕਮਿਊਨਿਸਟ ਪਾਰਟੀ ਦਾ ਵਿਚਾਰਧਾਰਾ ਹਥਿਆਰ ਮਾਰਕਸਵਾਦ ਹੈ ਅਤੇ ਮਾਰਕਸਵਾਦ ਦਾ ਆਧਾਰ ਸਮਾਜ ਦੇ ਹਰੇਕ ਵਰਗ ਦਾ ਆਰਥਿਕ ਵਿਕਾਸ ਹੈ । ਪਰੰਤੂ ਆਰਥਿਕ ਵਿਕਾਸ ਨੂੰ ਅੰਤਿਮ ਮਨ ਕੇ ਇਹ ਵਿਸ਼ਵਾਸ਼ ਕਰਨਾ ਕੀ ਅਜਿਹਾ ਵਾਪਰ ਜਾਣ ਬਾਅਦ ਵਰਣ ਵਿਵਸਥਾ ਦੁਆਰਾ ਘੜ੍ਹਿਆਂ ਜਾਤੀ ਅਵਚੇਤਨ ਟੁੱਟ ਜਾਵੇਗਾ ਇਹ ਬਹੁਤ ਵੱਡਾ ਭਰਮ ਹੈ। ਚੰਗੀ ਆਰਿਥਕ ਸਥਿਤੀ ਦਲਿਤ ਮਨੁੱਖ ਨੂੰ ਸੁੱਖ – ਸਹੂਲਤਾਂ ਤਾਂ ਦੇ ਸਕਦੀ ਹੈ ਪਰੰਤੂ ਸਮਾਜਿਕ, ਸਭਿਆਚਾਰਕ ਤੌਰ ਤੇ ਬਰਾਬਰੀ , ਸਨਮਾਨ ਅਤੇ ਆਜ਼ਾਦੀ ਨਹੀਂ ਦੇ ਸਕਦੀ। ਇਸ ਲਈ ਜਮਾਤੀ ਸੰਘਰਸ਼ ਦੇ ਦੌਰਾਨ ਘੋਲ ਕਰ ਰਹੀਆਂ ਜਮਾਤਾਂ ਲਈ ਜ਼ਰੂਰੀ ਹੈ ਕਿ ਉਹ ਸਮਾਜੀ ਦਮਨ ਦੀਆਂ ਉਨ੍ਹਾਂ ਸਾਰੀਆਂ ਨੀਤੀਆਂ ਦੇ ਵਿਰੁੱਧ ਲੜਨ, ਜਿਨ੍ਹਾਂ ਨੇ ਪੁਰਾਤਨ ਸਮੇਂ ਤੋਂ ਜਾਤੀ ਵਿਵਸਥਾ ਨੂੰ ਸਥਾਈ ਬਣਾ ਧਰਿਆ ਹੈ। ਉਪਰੋਕਤ ਪ੍ਰਸੰਗ ਵਿੱਚ 'ਪ੍ਰਸੰਗ 'ਰਿਸਦੇ ਜ਼ਖਮਾਂ ਦੀ ਕਹਾਣੀ' ਨਾਟਕ ਇਕ ਸਾਰਥਿਕ ਰਚਨਾ ਹੋ ਨਿਬੜਦੀ ਹੈ।

**ਹਵਾਲੇ :**


1. Nick Rennison, Freud and psychcanalysis, pocket Essential, 2020, p.30
2. S. Reber And Emily Rober, The Penguin Dictionary of Psychology, p,13
3. G.G. Jung The Archetypes and the collective Unconscious, second Edition, Rauthledge, London, 1919, p.284
4. Jacques Lacan ,Ecrits:A Selection, (Trans.) Alan Sheridan, Routledge, London, 2001, p.163
5. Ibid,p.159
6. Louis Althusser, On the Reproduction of capitalism: Ideology And Ideological State apparatuses, verso Later Printing, p.45
7. Antonio Gramsci, Wikipedia, https://en.m.wikipedia.org/wiki/Antonio-Gramsci
8. Fredric Jameson, The Political unconscious, Methuen $ co.Ltd, London, 1981, p.20
9. ਉਧਰਿਤ , ਜੀ. ਐਸ.ਗੁਗਏ, ਭਾਰਤ ਵਿਚ ਜਾਤੀ ਅਤੇ ਨਾਸਲ (ਅਨੁ. ਐਸ. ਐਸ.) ਸੋਢੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ , 2003 ਪੰਨਾ 43
10. ਮਨੂੰ, ਸਿਮ੍ਰਤੀ , ਅਧਿਆਇ ਪਹਿਲਾ, ਸ਼ਲੋਕ ਇੱਕਤੀ
11. ਉਹੀ, ਅਧਿਆਇ ਸੱਤਵਾਂ, ਸ਼ਲੋਕ ਤੀਜਾ
12. ਉਹੀ, ਅਧਿਆਇ ਦੂਜਾ, ਸਲੋਕ ਇੱਕਤੀ
13. ਉਹੀ, ਅਧਿਆਇ ਦਸ, ਸਲੋਕ ਇੱਕ ਸੌ ਪੱਚੀ

14. ਉਹੀ, ਅਧਿਆਇ ਅਠਵਾਂ, ਸਲੋਕ ਦੋ ਸੌ ਬਹੱਤਰ

15. Collected works of periyar E.V.R , The Comipled by Dr, k. Veeramni The pereyar Self-Respect Propaganda Institution Seventh Edition 2016,p. 115

16. ਡਾ. ਇਰਫ਼ਾਨ ਰਬੀਬ,'ਇਤਿਹਾਸ ਵਿੱਚ ਜਾਤ ਪਾਤ ਦਾ ਸਵਾਲ , ਦਲਿਤ ਦ੍ਰਿਸ਼ਟੀ(ਸੰਪਾ.) ਡਾ. ਸਰਬਜੀਤ ਸਿੰਘ, ਚੇਤਨਾ ਪ੍ਰਕਾਸ਼ਨ ਲੁਧਿਆਣਾ , 2004 ਪੰਨਾ 26-27

17. ਐਨਤੋਨੀਓ ਗ੍ਰਾਮਸ਼ੀ , ਉਧਾਰਿਤ , ਬਲਵਿੰਦਰ ਚਾਹਲ, 'ਮਦਨ ਵੀਰ –ਕਾਵਿ ਨਾਬਰ ਹਸ਼ੀਏ ਦਾ ਕੇਂਦਰ' , ਮਦਨ ਵੀਰ ਦੀ ਕਵਿਤਾ ਦਾ ਕਾਵਿ ਸਾਸ਼ਤਰ (ਸੰਪਾ) ਡਾ. ਜਸਵੰਤ ਰਾਏ, ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ, 2017 ਪੰਨਾ 65

18. ਡਾ. ਸਰਬਜੀਤ ਸਿੰਘ, ਦਲਿਤ ਸਾਹਿਤ ਸ਼ਾਸਤਰ , ਜਾਤ-ਜਮਾਤ ਅਤੇ ਸਾਹਿਤ,(ਸੰਪਾ) ਡਾ. ਸਰਬਜੀਤ ਸਿੰਘ, ਸਪਤਰਿਸ਼ੀ ਪਬਲੀਕੇਸ਼ਨ, 2021 ਪੰਨੇ 10-11

19. ਮਨੂੰ ਸਿਮ੍ਰਤੀ, ਅਧਿਆ ਤੀਜਾ, ਸਲੋਕ ਦੌ ਸੌ ਉਨੰਜਾ

20. ਉਹੀ, ਅਧਿਆਇ ਤੀਜਾ , ਸਲੋਕ ਦੋ ਸੋ ਅਕਤਾਲੀ

21. ਉਹੀ, ਅਧਿਆਇ ਚੌਥਾ, ਸਲੋਕ ਅੱਸੀ

22. ਉਹੀ, ਅਧਿਆਇ ਸੱਤਵਾਂ ਸਲੋਕ ਤਰਤਾਲੀ

23. ਉਹੀ, ਸੋਲਕ ਇੱਕੀ

24. ਉਹੀ, ਅਧਿਆਇ ਅੱਠਵਾਂ, ਸਲੋਕ ਦੋ ਸੌ ਸਤਾਹਠ

25. ਉਹੀ, ਸਲੋਕ ਦੋ ਸੌ ਕਿਆਸੀ

26. ਉਹੀ ਸਲੋਕ ਦੋ ਸੌ ਤਰਾਸੀ

27. ਦੇਵਿੰਦਰ ਕੁਮਾਰ, 'ਰਿਸਦੇ ਜ਼ਖਮਾਂ ਦੀ ਕਹਾਣੀ, ਸ਼ਿਲਾਲੇਖ ਪਬਲੀਸ਼ਰਜ਼, ਦਿੱਲੀ ,2021ਪੰਨਾ 34

28. ਉਹੀ, ਪੰਨਾ 36

29. ਆਨੰਦ ਤੇਲਤੁੰਬੜੇ, ਸੱਤਾ ਸਮਾਜ ਔਰ ਦਲਿਤ, ਗ੍ਰੰਥ ਸ਼ਿਲਪੀ, ਦਿੱਲੀ, ਸੰਸਕਰਣ ਤੀਜਾ, 2008, ਪੰਨੇ 19-20

30. ਦੇਵਿੰਦ ਕੁਮਾਰ, ਉਹੀ, ਪੰਨਾ 43

31. ਉਹੀ, ਪੰਨਾ 59

32. ਉਹੀ, ਪੰਨਾ 15